ం తనపుఖడ× త/. –ఖడుణజరుఖధఉఝచ × త/ ÷.50] 0-÷.12: 70135.3137 అచజజ × త/ 43323089

ਲੁਬਾਣਾ ਸੇਵਕ

ਅਪ੍ਰੈਲ 2026 ਕੁੱਲ ਪੰਨੇ : 44 ਮਾਸਿਕ ਮੁੱਲ : 25/-

ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂਹ ਪੰਜਾਬੀਆਂ ਨੂੰ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ !







ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉ ਕਰਉ ਨਿਵਾਸ।...
ਖਾਲਸਾ ਮੇਰੋ ਪਿੰਡ ਪ੍ਰਾਨ।
ਖਾਲਸਾ ਮੇਰੀ ਜਾਨ ਕੀ ਜਾਨ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

ਖ਼ਾਲਸਾ ਸਾਜਨਾ ਦਿਵਸ



ਸਿੱਖ ਧਰਮ ਦੇ ਪਹਿਲੇ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਅਰੰਭ ਹੋ ਗਈ ਸੀ। 10 ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ।ਉਨ੍ਹਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

ਸਾਹਿਬੇ ਕਮਾਲ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿੱਤਰ ਉਦੇਸ਼ ਦੀ ਪੂਰਤੀ ਲਈ ਸੰਨ 1699 ਈ. ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਨੀਂਹ ਰੱਖੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਮਨੁੱਖਤਾ ਨੂੰ ਖ਼ਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖ਼ਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਅਤੇ ਬਰਾਬਰ ਅਧਿਕਾਰ ਦਿਵਾਉਣਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਸਿੱਖਾਂ ਵਿਚੋਂ ਪੰਜ ਪਿਆਰੇ ਸਾਜੇ ਅਤੇ ਪੰਜ ਪਿਆਰਿਆਂ ਕੋਲੋਂ ਆਪ ਬੇਨਤੀ ਕਰਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣੇ।

ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀਂ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ।

ਖ਼ਾਲਸਾ ਧਰਮ ਦੀ ਨੀਂਹ ਰੱਖਣ ਦਾ ਮੁਖ ਮੰਤਵ ਅਜਿਹੇ ਬਹਾਦਰ ਸਿੱਖ ਯੋਧੇ ਪੈਦਾ ਕਰਨੇ ਸਨ ਜਿਨ੍ਹਾਂ ਦੇ ਮਨ ਅੰਦਰ ਸਦਾ ਕਰਤਾਰ ਦੀ ਯਾਦ ਰਹੇ, ਮਨੁੱਖਤਾ ਲਈ ਹਮਦਰਦੀ, ਦੁਸ਼ਟਾਂ ਦਾ ਖਾਤਮਾ ਕਰਨ ਲਈ ਤੇਗ ਅਤੇ ਇਕ ਪ੍ਰਮਾਤਮਾ ਦੀ ਓਟ ਹੋਵੇ। ਇਸ ਨਾਲ ਉਨ੍ਹਾਂ ਨੇ ਸਦੀਆਂ ਤੋਂ ਚਲਦੇ ਆ ਰਹੇ ਜਬਰ ਜ਼ੁਲਮ ਖਿਲਾਫ ਸਮੇਂ ਦੇ ਹੁਕਮਰਾਨਾਂ ਨਾਲ ਟੱਕਰ ਲਈ ਅਤੇ ਮਜਲੂਮ ਦੇ ਹੱਕ ਦੀ ਰੱਖਿਆ ਕੀਤੀ। ਇਸ ਰਾਹੀਂ ਦਸਮ ਪਿਤਾ ਜੀ ਨੇ ਸਮੇਂ ਦੀ ਰਾਜਸੀ, ਸਮਾਜਿਕ ਤੇ ਧਾਰਮਿਕ ਪੜਚੋਲ ਤੋਂ ਪਿੱਛੋਂ ਖਾਲਸਾ ਪੰਥ ਦੀ ਸਿਰਜਨਾ ਕਰਕੇ ਇਕ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਸੰਨ 1699 ਈ. ਵਿਚ ਅਜਿਹਾ ਕ੍ਰਾਂਤੀਕਾਰੀ ਕਦਮ ਚੁੱਕਿਆ ਗਿਆ, ਜਿਸ ਦੇ ਸਿੱਟੇ ਵਜੋਂ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹਿੱਲ ਗਈਆਂ। ਗੁਰੂ ਸਾਹਿਬ ਵੱਲੋਂ ਖ਼ਾਲਸੇ ਨੂੰ ਅੰਮ੍ਰਿਤ ਦੀ ਅਜਿਹੀ ਦਾਤ ਬਖ਼ਸ਼ੀ ਗਈ ਕਿ ਇਕ-ਇਕ ਸਿੰਘ ਮੁਗਲਾਂ ਦੀਆਂ ਲੱਖਾਂ ਫੌਜਾਂ ਦਾ ਡੱਟ ਕੇ ਮੁਕਾਬਲਾ ਕਰਨ ਦੇ ਸਮਰੱਥ ਹੋ ਗਿਆ। ਹਿੰਦੋਸਤਾਨ ਵਿਚ ਮੁਗ਼ਲ ਸਾਮਰਾਜ ਦੇ ਪਤਨ ਦਾ ਮੁੱਖ ਕਾਰਨ ਖ਼ਾਲਸਾ ਦੀ ਸਿਰਜਣਾ ਉਪਰੰਤ ਹੀ ਸ਼ੁਰੂ ਹੋ ਗਿਆ ਸੀ। ਉਸ ਸਮੇਂ ਦੇ ਵੱਡੇ ਸ਼ਕਤੀਸ਼ਾਲੀ ਕੱਟੜ ਸ਼ਾਸ਼ਕ ਔਰੰਗਜ਼ੇਬ ਨੂੰ ਗੁਰੂ ਸਾਹਿਬ ਨੇ ਖੁੱਲ੍ਹੇ ਰੂਪ ਵਿਚ ਵੰਗਾਰਿਆ ਅਤੇ ਉਨ੍ਹਾਂ ਦੀਆਂ ਫੌਜਾਂ ਦਾ ਡੱਟ ਕੇ ਮੁਕਾਬਲਾ ਕਰਕੇ ਹਰ ਜੰਗ ਵਿਚ ਉਨ੍ਹਾਂ ਨੂੰ ਪਛਾੜਿਆ।

ਗੁਰੂ ਸਾਹਿਬ ਵੱਲੋਂ ਬਖ਼ਸ਼ੀ ਹੋਈ ਇਸ ਦਾਤ ਕਾਰਨ ਹੀ ਅੱਜ ਸਮੁੱਚੇ ਵਿਸ਼ਵ ਵਿਚ ਸਿੱਖ ਕੌਮ ਨੂੰ ਬੜੇ ਸਤਿਕਾਰ ਵਜੋਂ ਨਿਵਾਜਿਆ ਜਾਂਦਾ ਹੈ। ਲੇਕਿਨ ਅਜੋਕੇ ਸਮੇਂ ਵਿਚ ਬਹੁਤ ਸਾਰੇ ਕਾਰਜ ਅਸੀਂ ਗੁਰੂ ਆਸ਼ੇ ਦੇ ਉਲਟ ਕਰ ਰਹੇ ਹਾਂ ਜਿਸ ਕਰਕੇ ਸਿੱਖ ਸਮਾਜ ਦੀ ਸਮਾਜਿਕ, ਧਾਰਮਿਕ ਅਤੇ ਰਾਜਸੀ ਅਵਸਥਾ ਵਿਚ ਬਹੁਤ ਖੜੋਤ ਆ ਗਈ ਹੈ। ਇਸ ਸਮੇਂ ਸਿੱਖ ਕੌਮ ਨੂੰ ਚੰਗੇ ਕਿਰਦਾਰਾਂ ਅਤੇ ਪਿਆਰ ਭਾਵਨਾ ਵਾਲੇ ਧਾਰਮਿਕ ਅਤੇ ਰਾਜਸੀ ਆਗੂਆਂ ਦੀ ਅਹਿਮ ਜ਼ਰੂਰਤ ਹੈ ਤਾਂਕਿ ਸਮੁੱਚਾ ਪੰਜਾਬ ਪੂਰੇ ਦੇਸ਼ ਵਿਚ ਫਿਰ ਹਰ ਖੇਤਰ ਵਿਚ ਅੱਵਲ ਸਥਾਨ ਪ੍ਰਾਪਤ ਕਰ ਸਕੇ। ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂਹ ਸੰਗਤਾਂ ਨੂੰ ਖ਼ਾਲਸਾ ਸਾਜਣਾ ਦਿਵਸ ਅਤੇ ਵਿਸਾਖੀ ਦੀਆਂ ਬਹੁਤ ਸਾਰੀਆਂ ਮੁਬਾਬਰਕਾਂ !

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਿਹ॥

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963



Chief Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Editor
S. Surinder Singh Ruby
ETO (Retd.)
E-mail:ruby.surinder57@gmail.com
M.: 98141-28181

Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240



ਦੇਸ	:	250 ਰੁਪਏ
ਪਰਦੇਸ	:	20 ਡਾਲਰ
ਜੀਵਨ ਮੈਂਬਰ ਦੇਸ	:	2500 ਰੁ.
ਜੀਵਨ ਮੈਂਬਰ ਪਰਦੇਸ	:	7500 ਰੁ.

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

ਪੂਰਨਮਾਸ਼ੀ - 02-04-2026 (ਵੀਰਵਾਰ)
ਸੰਗਰਾਂਦ - 14-04-2026 (ਮੰਗਲਵਾਰ)
ਮੱਸਿਆ - 17-04-2026 (ਸ਼ੁੱਕਰਵਾਰ)

ਤਤਕਰਾ

ਜਿਲਦ ਨੰ. 41 | ਅੰਕ - 154 | ਅਪ੍ਰੈਲ - 2026

1.	ਖ਼ਾਲਸੇ ਦੀ ਸਿਰਜਣਾ	4
2.	ਖ਼ਾਲਸਾ ਪੰਥ ਦੀ ਸਥਾਪਨਾ	6
3.	ਭਗਤ ਧੰਨਾ ਜੀ	9
4.	ਵਿਸਾਖੀ : ਖਾਲਸਾ ਸਾਜਨਾ ਦਿਵਸ	10
5.	ਪ੍ਰਕਾਸ਼ ਗੁਰਪੁਰਬ ਗੁਰੂ ਅਮਰਦਾਸ ਜੀ	13
6.	ਦਸਤਾਰ – ਸਿੱਖ ਦਾ ਗੌਰਵ	15
7.	ਮਾਰਚ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ	18
8.	ਸਾਂਝੇ ਚੁੱਲ੍ਹੇ 'ਤੇ ਵਸਦਾ ਸੀ ਸਾਂਝਾ ਪਰਿਵਾਰ	21
9.	ਸੂਖਮ ਸੰਵੇਦਨਾ ਵਾਲਾ ਬੁਲੰਦ ਕਵੀ ਪਾਸ਼	23
10.	Bawa Harnam Singh : A Distinguished Personality - ੧੯੧੫-੧੯੮੧	25
11.	ਸਚੁ ਸੁਣਾਇਸੀ ਸੱਚ ਕੀ ਬੇਲਾ	26
12.	ਅਖੌਤੀ ਵਿਕਾਸ ਨਾਲ ਵੱਧ ਰਹੇ ਨੇ ਮਾਨਸਿਕ ਰੋਗੀ	28
13.	ਜੀਵਨ ਵਿਕਾਸ – ਇਕ ਸੰਘਰਸ਼	29
14.	ਗੁਰ ਸਾਗਰ ਦੇ ਸੁੱਚੇ ਮੋਤੀ	31
15.	ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ	32
16.	ਸਿਹਤ ਸੰਭਾਲ	34
17.	ਕਾਵਿ-ਕਿਆਰੀ	36
18.	Matrimonial	38
19.	ਦਾਨੀ ਸੱਜਣਾਂ ਦੀ ਸੂਚੀ	39
20.	ਦਾਨੀ ਸੱਜਣਾਂ ਦੀ ਸੂਚੀ	40

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

Printed & Published by
Bhagwan Singh Lubana for Baba Makhan Shah Lobana Foundation (Regd.)
Sector 30-A, Chandigarh.

Computer Designing - Walia Enterprises, M.: 98153-78692

ਖ਼ਾਲਸੇ ਦੀ ਸਿਰਜਣਾ



ਵਿਸਾਖੀ 1699 ਵਾਲੇ ਦਿਹਾੜੇ ਮਨੁੱਖਤਾ ਦੇ ਇਤਿਹਾਸ ਵਿਚ ਇਕ ਮਹਾਨ ਇਨਕਲਾਬੀ ਮੋੜ ਆਇਆ। ਉਸ ਦਿਹਾੜੇ ਦੀ ਚੜ੍ਹੀ ਨਵੀਂ ਪ੍ਰਭਾਤ ਨਾਲ ਮਨੁੱਖੀ ਬਰਾਬਰਤਾ ਤੇ ਸੁਤੰਤਰਤਾ ਦਾ ਯੁੱਗ ਆਰੰਭ ਹੋਇਆ। ਉਸ ਮਹਾਨ ਦਿਹਾੜੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਇਕ ਅਜਿਹਾ ਪਰਿਵਰਤਨ ਆਇਆ ਜੋ ਸੰਸਾਰ ਦੀ ਅੱਖ ਨੇ ਨਾ ਪਹਿਲਾਂ ਕਦੀ ਤੱਕਿਆ ਸੀ ਅਤੇ ਨਾ ਹੀ ਤੱਕਣਾ ਹੈ। ਇਸ ਅਲੌਕਿਕ ਖੇਡ ਦਾ ਭੇਦ ਉਦੋਂ ਖੁਲ੍ਹਿਆ ਜਦ ਇਕ-ਇਕ ਖ਼ਾਲਸਾ, ਸਵਾ-ਸਵਾ ਲੱਖ ਨਾਲ ਟਕਰਾਉਣ ਲੱਗ ਪਿਆ। ਖੰਡੇ-ਬਾਟੇ ਦਾ ਅੰਮ੍ਰਿਤ ਛਕਦਿਆਂ ਸਾਰ ਸਿੱਖਾਂ ਦੀ ਕਾਇਆ ਹੀ ਪਲਟ ਗਈ।

ਰਣਜੀਤ ਨਗਾਰੇ ਤੋਂ ਸਰਬ-ਪੱਖੀ ਅਜ਼ਾਦੀ ਦੇ ਡੰਕੇ ਵੱਜਣ ਦੀ ਦੇਰ ਸੀ ਕਿ ਹਜ਼ਾਰਾਂ ਸਾਲਾਂ ਦੇ ਲਤਾੜੇ ਹੋਏ ਲੋਕਾਂ ਦੀਆਂ ਸੁੱਤੀਆਂ ਤਕਦੀਰਾਂ ਜਾਗ ਪਈਆਂ, ਸਦੀਆਂ ਦੇ ਗੁਲਾਮਾਂ ਦੀ ਗ਼ੁਲਾਮੀ ਦੇ ਸੰਗਲ ਟੁੱਟਣੇ ਸ਼ੁਰੂ ਹੋ ਗਏ, ਬ੍ਰਾਹਮਣਵਾਦੀ ਜਾਤਪਾਤ ਤੇ ਛੂਤਛਾਤ ਦੀਆਂ ਜ਼ੰਜ਼ੀਰਾਂ ਟੁੱਟਣ ਲੱਗ ਪਈਆਂ। ਦਸਮੇਸ਼ ਪਿਤਾ ਦੇ ਅੰਮ੍ਰਿਤ ਨੇ ਬ੍ਰਾਹਮਣਵਾਦ ਦੀ ਦੁਰਕਾਰੀ ਹੋਈ ਰਹਿੰਦ-ਖੂੰਦ ਵਿਚ ਅਜਿਹੀ ਸ਼ਕਤੀ ਤੇ ਬਲ ਭਰਿਆ ਕਿ ਉਹ ਨਿਡਰ ਦਲੇਰ, ਸੂਰਬੀਰ ਯੋਧੇ ਬਣ ਕੇ ਮੈਦਾਨ ਵਿਚ ਆ ਨਿੱਤਰੇ। ਖੰਡੇ ਦੀ ਪਾਹੁਲ ਛਕਦਿਆਂ ਹੀ ਖਾਲਸੇ ਨੇ ਲਲਕਾਰ ਨਾਲ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨੀਆਂ ਆਰੰਭ ਦਿੱਤੀਆਂ। ਗੁਰੂ ਨਾਨਕ ਸਾਹਿਬ ਨੇ ਸੰਸਾਰ ਵਿਚ ਪਹਿਲੀ ਵਾਰ ਇਸਤਰੀ ਨੂੰ ਸਮਾਜ ਵਿਚ ਬਰਾਬਰਤਾ ਦਾ ਸਨਮਾਨ ਬਖ਼ਸ਼ ਕੇ ਇਸਤਰੀ ਦੀ ਬਰਾਬਰਤਾ ਦੇ ਪੂਰਨੇ ਪਾਏ ਅਤੇ ਦਸਮੇਸ਼ ਪਿਤਾ ਨੇ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਛਕਾ ਕੇ ਸ਼ੇਰਨੀਆਂ ਬਣਾਇਆ। ਅਨੇਕਾਂ ਹੀ ਸਿੱਖ ਇਸਤਰੀਆਂ ਨੇ ਦਲੇਰੀ, ਨਿਰਭੈਤਾ ਅਤੇ ਸੂਰਮਗਤੀ ਦੇ ਅਜਿਹੇ ਜੌਹਰ ਵਿਖਾਏ ਸਨ, ਜਿਹੜੇ ਮਰਦਾਂ ਦੇ ਕਾਰਨਾਮਿਆਂ ਨੂੰ ਵੀ ਮਾਤ ਕਰਦੇ ਹਨ।

ਬਾਬੇ ਨਾਨਕ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਦੇ ਸਾਰੇ ਪ੍ਰਚਾਰ ਦਾ ਅੰਤਮ ਨਿਸ਼ਾਨਾ ਖਾਲਸੇ ਦੀ ਸਾਜਨਾ ਸੀ। ਖਾਲਸਾ ਸਾਜਣ ਦੀ ਬੁਨਿਆਦ ਵੀ ਬਾਬੇ ਨਾਨਕ ਨੇ ਆਪ ਹੀ ਰੱਖੀ। ਖਾਲਸਾ-ਪੰਥ ਵਿਚ ਦਾਖਲੇ ਦੀਆਂ ਕਰੜੀਆਂ ਸ਼ਰਤਾਂ ਵੀ ਆਪ ਜੀ ਨੇ ਆਪ ਹੀ ਨਿਸ਼ਚਿਤ ਕੀਤੀਆਂ ਅਤੇ ਸਪੱਸ਼ਟ ਕਿਹਾ ਕਿ ਜੇ ਸਭ ਨੂੰ ਪਿਆਰ ਕਰਨਾ ਸਿੱਖਣਾ ਹੈ ਅਤੇ ਇਸ ਕੁਰਬਾਨੀ ਵਾਲੇ ਮਾਰਗ ਦਾ ਰਾਹੀਂ ਬਨਣਾ ਹੈ ਤਾਂ ਪਹਿਲੀ ਸ਼ਰਤ ਇਹ ਹੈ ਕਿ ਸਿਰ ਤਲੀ 'ਤੇ ਧਰਨਾ (ਮਰਨ ਲਈ ਹਰ ਵੇਲੇ ਤੱਤਪਰ ਰਹਿਣਾ) ਪਏਗਾ। ਇਸ ਮਾਰਗ 'ਤੇ ਪੈਰ ਰੱਖਣ ਲਈ ਦੂਜੀ ਸ਼ਰਤ ਇਹ ਕਿ ਸਿਰ ਦੇਣ ਲੱਗਿਆਂ ਕਿਰਸ ਨਹੀਂ ਕਰਨੀ ਪਵੇਗੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ (ਪੰਨਾ - ੧੪੧੨)

ਦਸਮੇਸ਼ ਪਿਤਾ ਨੇ "ਇਤੁ ਮਾਰਗਿ ਪੈਰੁ ਧਰੀਜੈ-ਸਿਰੁ ਦੀਜੈ ਕਾਣਿ ਨ ਕੀਜੈ" ਦਾ 230 ਸਾਲਾਂ ਤੋਂ ਅਭਿਆਸ ਕਰਦੇ ਆ ਰਹੇ ਸਿੱਖਾਂ ਨੂੰ ਉਸ ਸੁਭਾਗੇ ਵਿਸਾਖੀ ਵਾਲੇ ਦਿਹਾੜੇ, ਕਰੜੇ ਇਮਤਿਹਾਨ ਦਾ ਪਰਚਾ ਪਾਉਣ ਦਾ ਪਲਾਨ ਉਲੀਕਿਆ। ਦੇਸ਼ ਦੇ ਕੋਨੇ-ਕੋਨੇ ਤੇ ਦੂਰ-ਦੁਰੇਡੇ ਦੀਆਂ ਸਿੱਖ-ਸੰਗਤਾਂ ਨੂੰ ਉਸ ਵਿਸਾਖੀ ਦੇ ਮੌਕੇ ਹੁੰਮ-ਹੁਮਾ ਕੇ ਪੁੱਜਣ ਦੇ ਹੁਕਮਨਾਮੇ ਅਤੇ ਪ੍ਰਚਾਰਕ ਭੇਜੇ। ਹਜ਼ਾਰਾਂ ਗੁਰੂ ਦੇ ਸਿੱਖ ਲੰਮੇ ਪੈਂਡੇ ਝਾਗ ਕੇ ਗੁਰੂ-ਹੁਕਮ ਅਨੁਸਾਰ ਇਕੱਠੇ ਹੋਣੇ ਸ਼ੁਰੂ ਹੋ ਗਏ। ਸ੍ਰੀ ਕੇਸਗੜ੍ਹ ਵਾਲੀ ਥਾਂ ਤੰਬੂ-ਕਨਾਤਾਂ ਲਾਈਆਂ ਗਈਆਂ। ਸਿੱਖ ਸ਼ਰਧਾਲੂਆਂ ਦੇ ਦਿਲਾਂ ਅੰਦਰ ਗੁਰੂ-ਦਰਸ਼ਨਾਂ ਦੀਆਂ ਤਾਂਘਾਂ ਦਾ ਜੋਸ਼ ਤੇ ਉਤਾਹ ਠਾਠਾਂ


ਭਗਵਾਨ ਸਿੰਘ
ਲੁਬਾਣਾ
ਪ੍ਰਧਾਨ ਬਮਸਲ ਫਾਉਂਡੇਸ਼ਨ
ਚੰਡੀਗੜ੍ਹ
98155-40240



ਮਾਰ ਰਿਹਾ ਸੀ। ਆਖ਼ਿਰ ਉਹ ਜੁਗ-ਪਲਟਾਊ ਸਵੇਰ ਚੜ੍ਹੀ, ਭਾਰੀ ਦੀਵਾਨ ਸਜਿਆ, ਸਿੱਖ-ਸੰਗਤਾਂ ਰਸ-ਭਿੰਨੇ ਕੀਰਤਨ-ਹੁਲਾਰਿਆਂ ਨਾਲ ਆਪਣੇ ਤਪਤ ਹਿਰਦਿਆਂ ਨੂੰ ਠਾਰਨ ਲੱਗੀਆਂ ਅਤੇ ਸਤਿਗੁਰਾਂ ਦੇ ਵਿਸ਼ੇਸ਼ ਬਚਨ ਸੁਣਨ ਲਈ ਤਾਂਘਣ ਲੱਗੀਆਂ।

ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪੈਂਦਿਆਂ ਹੀ ਦਸਮੇਸ਼ ਪਿਤਾ ਖੜ੍ਹੇ ਹੋ ਗਏ। ਮਿਆਨ ਵਿਚੋਂ ਲਿਸ਼ਕਦੀ ਕਿਰਪਾਨ ਖਿੱਚ ਕੇ ਗਰਜਵੀਂ ਆਵਾਜ਼ ਵਿਚ ਸਿੱਖ-ਸੰਗਤਾਂ ਨੂੰ ਸੰਬੋਧਨ ਕਰਦਿਆਂ ਫ਼ੁਰਮਾਇਆ, "ਅੱਜ ਗੁਰੂ ਦੇ ਸਿੱਖਾਂ ਦਾ ਇਮਤਿਹਾਨ ਹੈ। ਹੈ ਕੋਈ ਸਿੱਖ, ਜੋ ਇਸ ਕਿਰਪਾਨ ਦੀ ਪਿਆਸ ਬੁਝਾਉਣ ਲਈ ਆਪਣਾ ਸਿਰ ਭੇਟ ਕਰੇ?" ਆਪ ਜੀ ਨੇ ਕਿਰਪਾਨ ਸਿਰੋਂ ਉੱਚੀ ਕਰਕੇ ਫੇਰ ਸਿਰ ਦੀ ਮੰਗ ਦੁਹਰਾਈ। ਇਹ ਮੰਗ ਸੁਣ ਕੇ ਸਭ ਪਾਸੇ ਸਨਾਟਾ ਛਾ ਗਿਆ। ਸਭ ਪਾਸੇ ਚੁਪ ਵਰਤ ਗਈ। ਕੋਈ ਨਾ ਉਠਿਆ। ਤੀਜੀ ਵਾਰ ਜਦ ਗੁਰੂ ਸਾਹਿਬ ਨੇ ਸਿਰ ਦੇਣ ਦੀ ਮੰਗ ਦੁਹਰਾਈ ਤਾਂ ਇਸ ਵਾਰ ਭਾਈ ਦਇਆ ਰਾਮ ਜੀ, ਦੂਜੀ ਮੰਗ ਦੇ ਉੱਤਰ ਵਿਚ ਭਾਈ ਧਰਮ ਚੰਦ (ਖੱਤਰੀ), ਤੀਜੀ ਵਾਰ ਭਾਈ ਮੋਹਕਮ ਚੰਦ (ਛੀਂਬਾ), ਚੌਥੀ ਵਾਰ ਭਾਈ ਸਾਹਿਬ ਚੰਦ (ਨਾਈ) ਅਤੇ ਪੰਜਵੀਂ ਵਾਰ ਭਾਈ ਹਿੰਮਤ ਰਾਏ (ਝੀਉਰ) ਨਿੱਤਰੇ ਅਤੇ ਆਪਣੇ ਸਿਰ ਗੁਰੂ ਸਾਹਿਬ ਦੇ ਹਵਾਲੇ ਕੀਤੇ। ਗੁਰੂ ਸਾਹਿਬ ਜਦ ਤੰਬੂ ਵਿਚੋਂ ਬਾਹਰ ਆਏ ਤਾਂ ਆਪ ਜੀ ਦਾ ਨੂਰਾਨੀ ਚਿਹਰਾ ਖਿੜਿਆ ਹੋਇਆ ਅਤੇ ਅੱਖਾਂ ਵਿਚ ਰੂਹਾਨੀ ਜਲਾਲ ਸੀ। ਅੱਗੇ-ਅੱਗੇ ਆਪ ਸਨ ਅਤੇ ਪਿੱਛੇ-ਪਿੱਛੇ ਆਪਣਾ ਸਿਰ ਭੇਟ ਕਰਨ ਵਾਲੇ ਪੰਜੇ ਮਹਾਨ ਸੂਰਮੇ ਨਵੇਂ ਸਜੀਲੇ ਪਹਿਰਾਵੇ ਵਿਚ! ਉਸ ਇਲਾਹੀ ਚਮਤਕਾਰ ਨੂੰ ਵੇਖ ਕੇ ਸਭ ਸਿੱਖ-ਸੰਗਤਾਂ ਗਦ-ਗਦ ਹੋ ਉੱਠੀਆਂ। ਜਿਹੜੇ ਸੀਸ ਭੇਟਾ ਨਾ ਕਰ ਸਕੇ, ਉਨ੍ਹਾਂ ਨੂੰ ਹੈਰਾਨਗੀ ਵੀ ਹੋਈ ਅਤੇ ਪਛਤਾਵਾ ਵੀ। ਜਿਹੜੇ ਡਰ ਕੇ ਘਬਰਾ ਕੇ ਖਿਸਕ ਗਏ ਸਨ, ਉਹ ਵੀ ਦੀਵਾਨ ਵਿਚ ਪਰਤ ਆਏ।

ਗੁਰੂ ਸਾਹਿਬ ਨੇ ਸਰਬਲੋਹ ਦਾ ਬਾਟਾ (ਜਿਸ ਵਿਚ ਕਿਸੇ ਹੋਰ ਧਾਤ ਦਾ ਮਿਲਾਵਟ ਨਾ ਹੋਵੇ) ਮੰਗਵਾਇਆ, ਜਿਹੜਾ ਖਾਲਸਪਨ ਤੇ ਫ਼ੌਲਾਦੀ ਸ਼ਕਤੀ ਦਾ ਪ੍ਰਤੀਕ ਹੈ। ਸਵੱਛ ਜਲ, ਜਿਹੜਾ ਕਿ ਹਰ ਜੀਵ-ਜੰਤੂ ਦਾ ਜੀਵਨ-ਆਧਾਰ ਹੈ, ਮੰਗਵਾਇਆ। ਪਿਆਰ, ਮਿਠਾਸ ਤੇ ਨਿਮਰਤਾ ਦੇ ਪੁੰਜ ਮਾਤਾ ਸਾਹਿਬ ਕੌਰ ਨੇ ਤਿਆਰ ਹੋ ਰਹੇ ਅੰਮ੍ਰਿਤ ਵਿਚ ਪਤਾਸ਼ੇ ਲਿਆ ਕੇ ਪਾਏ ਜਿਹੜੇ ਕਿ ਸੰਸਾਰ ਦੀ ਉਚਤਮ ਮਿਠਾਸ ਦੇ ਪ੍ਰਤੀਕ ਹਨ। ਭਗਤੀ-ਭਾਵ ਨਾਲ ਗੜ੍ਹੁੰਦ ਅਤੇ ਇਕ ਅਕਾਲ ਪੁਰਖ ਨਾਲ ਜੋੜਨ ਵਾਲੇ "ਜਪੁ ਸਾਹਿਬ", ਭਗਤੀ ਤੇ ਸ਼ਕਤੀ ਦੇ ਸੁਮੇਲ ਅਤੇ ਬੀਰ ਰਸ ਦੇ ਪ੍ਰਤੀਕ "ਜਾਪੁ ਸਾਹਿਬ", ਵਹਿਮਾਂ-ਭਰਮਾਂ ਦੇ ਖੰਡਨ ਕਰਨ ਅਤੇ ਪ੍ਰੇਮ-ਰਸ ਦਾ ਸੰਚਾਰ ਕਰਨ ਵਾਲੇ "ਸੁਧਾ ਸਵੱਯੇ", ਨਿਮਰਤਾ ਸਹਿਤ ਅਕਾਲ ਪੁਰਖ ਅੱਗੇ ਰੱਖਿਆ ਕਰਨ ਦੀ ਜੋਦੜੀ ਕਰਨ ਲਈ "ਚੌਪਈ ਸਾਹਿਬ", ਅਕਾਲ ਪੁਰਖ ਦੀ ਕ੍ਰਿਪਾਲਤਾ ਸਦਕੇ ਪ੍ਰਾਪਤ ਹੋਏ ਵਜਦ ਦੀ ਸਹਿਜਮਈ ਤੇ ਅਨੰਦਮਈ ਬਾਣੀ 'ਅਨੰਦ ਸਾਹਿਬ' ਦੇ ਇਕ-ਮਨ, ਇਕ-ਚਿਤ ਪਾਠ ਨਾਲ ਗੁਰੂ ਸਾਹਿਬ ਨੇ ਅਜਿਹਾ ਅੰਮ੍ਰਿਤ ਤਿਆਰ ਕੀਤਾ ਕਿ ਪੀਣ ਵਾਲਿਆਂ ਦੀ ਕਾਇਆ ਹੀ ਪਲਟ ਕੇ ਰੱਖ ਦਿੱਤੀ। ਉਹ ਸਚਿਆਰ ਸੰਤ-ਸਿਪਾਹੀ ਬਣ ਗਏ ਅਤੇ ਅਕਾਲ ਪੁਰਖ ਦੇ ਕਾਇਦੇ-ਕਾਨੂੰਨ ਨੂੰ ਲਾਗੂ ਕਰਨ ਵਾਲੀ ਅਕਾਲ ਪੁਰਖ ਦੀ ਫੌਜ ਹੋ ਨਿਬੜੇ।



ਖਾਲਸੇ ਦੀ ਰਹਿਤ ਮਰਿਯਾਦਾ ਨਿਯਮ-ਬੱਧ ਕੀਤੀ ਗਈ। ਪੰਜ ਕੱਕਾਰ-ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ ਸਰੀਰ ਦੇ ਲਾਜ਼ਮੀ ਅੰਗ ਬਣਾ ਦਿੱਤੇ ਗਏ। ਚਾਰ ਕੁਰਹਿਤਾਂ-ਸਰੀਰ ਦੇਕਿਸੇ ਵੀ ਹਿੱਸੇ ਤੋਂ ਕੇਸਾਂ ਦੀ ਬੇਅਦਬੀ ਕਰਨੀ, ਤੰਬਾਕੂ, ਸ਼ਰਾਬ ਆਦਿਕ ਨਸ਼ਿਆਂ ਦੀ ਵਰਤੋਂ ਕਰਨੀ, ਕੁੱਠੇ ਮਾਸ ਦੀ ਵਰਤੋਂ ਕਰਨੀ ਅਤੇ ਪਰ-ਇਸਤਰੀ ਦੇ ਗਮਨ ਕਰਨ ਨੂੰ ਬੱਜਰ ਪਾਪ ਕਰਾਰ ਦੇ ਦਿੱਤਾ ਗਿਆ। ਹਰ ਸਿੱਖ ਮਰਦ ਦੇ ਨਾਂ ਨਾਲ 'ਸਿੰਘ' ਅਤੇ ਹਰ ਸਿੱਖ ਇਸਤਰੀ ਦੇ ਨਾਲ 'ਕੌਰ' ਪਦ ਜੋੜ ਕੇ ਸਭ ਨੂੰ ਸਾਂਝੀਵਾਲਤਾ ਦੀ ਲੜੀ ਵਿਚ ਪਰੋਇਆ ਗਿਆ ਅਤੇ ਇਸ ਤਰ੍ਹਾਂ ਖਾਲਸੇ ਨੂੰ ਸੰਸਾਰ ਦੀ ਨਿਵੇਕਲੀ ਕੌਮ ਬਣਾਇਆ ਗਿਆ। ਉਸ ਦਿਨ ਤੋਂ ਖਾਲਸਾ ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਦਸਮੇਸ਼ ਪਿਤਾ ਨੇ ਖਾਲਸੇ ਨੂੰ ਸੰਤ-ਸਿਪਾਹੀ ਦੇ ਮਹਾਨ ਜੀਵਨ-ਸਿਧਾਂਤ ਦਾ ਅਨੁਸਾਰੀ ਬਣਾਇਆ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਆਦੇਸ਼ ਨਾਲ ਸਾਰੀ ਮਨੁੱਖਤਾ ਨੂੰ ਪਿਆਰਨਾ ਹੈ। ਜਿਥੇ ਆਪਣੀ ਆਜ਼ਾਦ ਹਸਤੀ ਕਾਇਮ ਰੱਖਣਾ ਖਾਲਸੇ ਦਾ ਵਿਧਾਨਕ ਤੇ ਧਾਰਮਿਕ ਫਰਜ਼ ਹੈ, ਉਥੇ ਕਮਜ਼ੋਰਾਂ ਤੇ ਨਿਆਸਰਿਆਂ ਦੇ ਹੱਕਾਂ ਦੀ ਰਾਖੀ ਕਰਨੀ ਵੀ ਖ਼ਾਲਸੇ ਦਾ ਧਰਮ ਹੈ। ਜਿਥੇ ਨਾ ਜਾਬਰ, ਲੋਟੂ ਤੇ ਧਾੜਵੀ ਜੰਮਣ ਅਤੇ ਨਾ ਹੀ ਉਥੇ ਜ਼ੁਲਮ ਤੇ ਲੁੱਟ-ਖਸੁੱਟ ਕੋਈ ਕਰ ਸਕੇ ਕਿਸੇ ਦੀ। ਜਿਥੇ ਸਭ ਸੁਤੰਤਰ ਹੋਣ ਅਤੇ ਕੋਈ ਪ੍ਰਾਧੀਨ ਨਾ ਹੋਵੇ। ਸੱਚ ਤੇ ਇਨਸਾਫ਼ ਦਾ ਰਾਜ ਹੋਵੇ। ਇਹ ਸੀ ਬਾਬੇ ਨਾਨਕ ਦਾ ਸੁਪਨਾ ਜਿਸ ਨੂੰ ਸਾਕਾਰ ਕਰਨ ਲਈ ਖਾਲਸੇ ਦੀ ਸਾਜਨਾ ਕੀਤੀ ਗਈ। ਇਹ ਗੁਰੂ ਨਾਨਕ ਸਾਹਿਬ ਦੇ ਅਦੁੱਤੀ ਸੰਕਲਪ ਦੀ ਸੰਪੂਰਨਤਾ ਸੀ। ਦਸਮੇਸ਼ ਪਿਤਾ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਪ੍ਰਦਾਨ ਕੀਤੀ। ਜਿਨ੍ਹਾਂ ਨੂੰ ਆਪ ਅੰਮ੍ਰਿਤ ਛਕਾਇਆ, ਉਨ੍ਹਾਂ ਤੋਂ ਹੀ ਆਪ ਅੰਮ੍ਰਿਤ ਦੀ ਜਾਚਨਾ ਕਰਕੇ ਅੰਮ੍ਰਿਤ ਛਕਿਆ। ਪੰਜ ਪਿਆਰਿਆਂ ਨੂੰ ਆਪਣਾ ਗੁਰੂ ਤੇ ਆਗੂ ਸਵੀਕਾਰਿਆ।

ਸੰਸਾਰ ਦੀ ਹਰ ਚੀਜ਼ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਬਿਨਾਂ ਮਿਹਨਤ ਦੇ ਨਹੀਂ। ਜਿੱਤ ਹਮੇਸ਼ਾ ਮੁੱਢ ਕਦੀਮ ਤੋਂ ਸੱਚ ਦੀ ਹੁੰਦੀ ਆਈ ਹੈ। ਜਿੱਤ ਹੁਣ ਵੀ ਸੱਚ ਦੀ ਵੀ ਹੋਣੀ ਹੈ। ਆਓ ਗੁਰੂ ਮਹਾਰਾਜ ਜੀ ਅੱਗੇ ਜੋਦੜੀ ਕਰੀਏ ਕਿ ਗੁਰੂ ਸਾਨੂੰ ਵੀ ਖ਼ਾਲਸੇ ਦੀ ਦਾਤ ਬਖ਼ਸ਼ੇ ਅਤੇ ਆਪਣੇ ਚਰਨਾਂ ਨਾਲ ਜੋੜੇ।

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਿਹ॥

ਵਿਸਾਖੀ 'ਤੇ ਵਿਸ਼ੇਸ਼

ਖਾਲਸਾ ਪੰਥ ਦੀ ਸਥਾਪਨਾ



ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ਲਗਾਤਾਰ ਸੈਂਕੜੇ ਸਾਲ ੧੦ ਗੁਰ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਪੰਨਾ ੯੬੬)

ਖਾਲਸਾ ਪੰਥ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ (੧੬੯੯ ਈ:) ਵਿਚ ਵੈਸਾਖੀ ਵਾਲੇ ਦਿਨ ਕੀਤੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਇਸ ਵੇਲੇ ਤਕ ਹਾੜੀ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ ਹੁੰਦੀ ਹੈ। ਇਸ ਦਿਨ ਸਾਰੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਨਵੀਆਂ ਆਸਾਂ ਤੇ ਉਮੀਦਾਂ ਲੈ ਕੇ ਮੇਲਿਆਂ ਵਿਚ ਖੁਸ਼ੀ ਨਾਲ ਸ਼ਰੀਕ ਹੁੰਦੇ ਹਨ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਦਿਵਾਉਣ ਲਈ ਅਤੇ ਉਸ ਦੇ ਸਰਬ ਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ। ਇਕ ਨਵੇਂ ਸਜਰੇ ਜੀਵਨ ਦੀ ਸ਼ੁਰੂਆਤ ਸੀ।

ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖਰ ਸੀ— ਖਾਲਸੇ ਦੀ ਸਾਜਨਾ। ਖਾਲਸਾ ਇੱਕ ਆਦਰਸ਼ ਪੁਰਖ ਹੈ। ਇਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਵ ਪੱਖੀ, ਸਰਬ ਪ੍ਰਕਾਰ ਦੇ ਸਦ ਗੁਣਾਂ ਨਾਲ ਭਰਪੂਰ, ਆਤਮ ਵਿਸ਼ਵਾਸ, ਸਵੈ ਨਿਰਭਰ ਤੇ ਸੰਪੂਰਨ ਮਨੁੱਖ ਹੈ। ਖਾਲਸਾ ਸੰਤ ਵੀ ਹੈ ਸਿਪਾਹੀ ਵੀ, ਖਾਲਸਾ ਗੁਰੂ ਵੀ ਹੈ ਤੇ ਸਿੱਖ ਵੀ, ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ, ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ। ਖਾਲਸਾ ਦ੍ਰਿੜ੍ਹ ਵੀ ਹੈ ਤੇ ਨਿਮਰ ਵੀ ਹੈ। ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥

(ਪੰਨਾ ੪੬੯)

ਖਾਲਸਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾਂ ਉਹ ਕਿਸੇ ਦੇ ਅਧੀਨ ਨਹੀਂ ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤ ਦਾ ਪੂਜਕ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ ਇਸ ਲਈ ਇਸ ਨੂੰ ਧੁਰੋਂ ਸਰਦਾਰੀ ਪ੍ਰਾਪਤ ਹੈ। ਇਸ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ:

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ ॥
ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ ॥

(ਪੰਨਾ ੧੪੨)


ਖਾਲਸਾ ਕਿਸੇ ਪ੍ਰਕਾਰ ਦੇ ਕਰਮ ਕਾਂਡ ਵਹਿਮ ਭਰਮ ਨੂੰ ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਵੀ ਮਿਸਾਲ ਪੇਸ਼ ਕੀਤੀ ਹੈ।

ਖਾਲਸ ਖਾਸ ਕਹਾਵੈ ਸੋਈ, ਜਾ ਕੈ ਹਿਰਦੈ ਭਰਮ ਨ ਹੋਈ।

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਭਰਮ ਭੇਖ ਤੇ ਰਹੈ ਨਿਆਰਾ,
ਸੋ ਖਾਲਸ ਸਤਿਗੁਰੂ ਹਮਾਰਾ।
(ਸ੍ਰੀ ਗੁਰ ਸੋਭਾ)



ਵੈਸਾਖੀ ਦੇ ਦਿਹਾੜੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਇਸੇ ਪਵਿੱਤਰ ਅਸਥਾਨ ਤੇ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ "ਸਿਰੁ ਧਰਿ ਤਲੀ ਗਲੀ ਮੇਰੀ ਆਉ" ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਕੋਲੋਂ ਸੀਸ ਦੀ ਮੰਗ ਕੀਤੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ ਸਨ, ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੁਹਕਮ ਚੰਦ ਤੇ ਭਾਈ ਸਾਹਿਬ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਨਵੇਂ ਬਸਤਰ ਤੇ ਸ਼ਸਤਰ ਪਹਿਨਾਏ। ਖੰਡੇ ਬਾਟੇ ਦੀ ਪਾਹੁਲ ਹੱਥੀਂ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਈ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ ਸਿੰਘ ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਵਰਣ ਨਾਸ ਕਰ ਕੇ ਖਾਲਸੇ ਦਾ ਰੂਪ ਬਖ਼ਸ਼ਿਆ। ਫਿਰ ਇਨ੍ਹਾਂ ਤੋਂ ਆਪ ਖੰਡੇ ਦੀ ਪਾਹੁਲ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਸਿੰਘਾਂ ਨੂੰ ਗੁਰੂ ਦੀ ਇਕ ਸੰਸਥਾ ਦਾ ਰੂਪ ਦੇ ਦਿੱਤਾ ਤਾਂ ਜੋ ਗੁਰਮਤਿ ਦਾ ਪ੍ਰਚਾਰ ਨਿਰੰਤਰ, ਸਰਵਕਾਲ ਤੇ ਸਰਵ ਵਿਆਪਕ ਕੀਤਾ ਜਾ ਸਕੇ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿਚ ਪੰਚਾਂ ਭਾਵ ਗੁਰਮੁਖਾਂ ਨੂੰ ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ। ਗੁਰਬਾਣੀ ਵਿਚ ਸਿੱਖ ਤੇ ਗੁਰੂ ਨੂੰ ਇਕ ਹੀ ਸਮਝਿਆ ਗਿਆ ਹੈ ਕਿਉਂਕਿ ਦੋਵਾਂ ਦਾ ਆਧਾਰ ਇੱਕੋ ਗੁਰਮਤਿ ਸਿਧਾਂਤ ਹੁੰਦਾ ਹੈ:

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥
(ਪੰਨਾ ੪੪੪)

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥
ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥
(ਪੰਨਾ ੩)

ਇਹ ਪੰਚ ਜਾਂ ਬ੍ਰਹਮ ਗਿਆਨੀ ਸਿੱਖ ਖਾਲਸੇ ਦੀ ਰਹਿਣੀ ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ 'ਸਾਬਤ ਸੂਰਤ ਦਸਤਾਰ ਸਿਰਾ' ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ-ਕਛਹਿਰਾ, ਕੇਸ, ਕਿਰਪਾਨ, ਕੰਘਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ ਕੁਰਹਿਤਾਂ ਇਸ ਲਈ ਮਨ੍ਹਾਂ ਹਨ-ਤਮਾਕੂ, ਕੁੱਠਾ, ਪਰ ਇਸਤਰੀ ਦਾ ਗਮਨ ਤੇ ਰੋਮਾਂ ਦੀ ਬੇਅਦਬੀ। ਇਸ ਤੋਂ ਇਲਾਵਾ ਖਾਲਸੇ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ। ਇਸ ਨੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ ਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਨਾਮ ਦੇ ਅੰਮ੍ਰਿਤ ਵਿਚ ਆਪਣੇ ਮਨ ਨੂੰ ਰੰਗਣਾ ਹੈ। ਖਾਲਸੇ ਨੂੰ ਸ਼ਸਤਰ ਬਸਤਰ ਸਜਾ ਕੇ ਰੱਖਣੇ ਚਾਹੀਦੇ ਹਨ। ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜਿਊਂਣਾ ਨਹੀਂ ਹੈ। ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ। ਇਸ ਨੇ ਧਰਤੀ 'ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ। ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਇਸ ਨੇ ਆਪਣਾ ਤਨ-ਮਨ-ਧਨ ਗੁਰੂ ਨੂੰ ਸੌਂਪ ਦਿੱਤਾ ਹੁੰਦਾ ਹੈ। ਖਾਲਸੇ ਲਈ ਇਹ ਸ਼ਰਤ ਰੱਖ ਦਿੱਤੀ ਸੀ:

ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ।
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵਸਾਗਰ ਤਾਰੈ।
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥

ਇਹ ਹੈ ਖਾਲਸੇ ਦਾ ਅੰਦਰਲਾ ਰੂਪ ਕਿ ਗਿਆਨ ਰਾਹੀਂ ਮਨ ਦੀ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦੇਵੇ। ਖਾਲਸੇ ਨੇ ਅਜਿਹਾ ਹੀ ਕੀਤਾ। ਚੱਪੜ ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ ਨੂੰ ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ ੧੭੧੦ ਈ: ਨੂੰ ਸਰਹਿੰਦ ਦੀ ਧਰਤੀ 'ਤੇ ਸਿੱਖ ਰਾਜ ਦਾ ਖਾਲਸਾਈ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ ਜਿਨ੍ਹਾਂ ਨੇ ਬਦੇਸ਼ੀ ਜਰਵਾਣਿਆਂ ਨੂੰ ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲੂਆ ਵਰਗੇ ਜਰਨੈਲ ਹੋਏ ਜਿਨ੍ਹਾਂ ਤੋਂ ਖ਼ੂੰਖਾਰ



ਪਠਾਣ ਵੀ ਭੈਅ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ ਨੂੰ 'ਹਰੀਆ ਰਾਗਲੇ' ਕਹਿ ਕੇ ਰੋਣ ਤੋਂ ਚੁੱਪ ਕਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ ਬੇਮਿਸਾਲ ਜੰਗਾਂ ਲੜੀਆਂ ਪਰ ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ ਨੂੰ ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ ਤੇ ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਖਾਲਸੇ ਦੀ ਉਪਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਹੁਤ ਕੁਝ ਕਿਹਾ ਹੈ। ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਆਪਣਾ ਪਿੰਡ ਪਰਾਨ ਤੇ ਸਤਿਗੁਰੂ ਪੂਰਾ ਆਖ ਕੇ ਖਾਲਸੇ ਦੀ ਉਪਮਾ ਵਰਣਨ ਤੋਂ ਬਾਹਰ ਦੱਸੀ ਹੈ। ਅਖੀਰ ਵਿਚ ਇਹ ਵੀ ਕਿਹਾ ਹੈ ਕਿ ਇਸ ਦੇ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਮੈਂ ਇਹ ਪਾਰਬ੍ਰਹਮ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸਾਖੀ ਰੱਖ ਕੇ ਕਹਿ ਰਿਹਾ ਹਾਂ:

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌ ਕਰੌ ਨਿਵਾਸ।
ਖਾਲਸਾ ਮੇਰੋ ਇਸ਼ਟ ਸੁਹਿਰਦ। ਖਾਲਸਾ ਮੇਰੋ ਕਹੀਅਤਿ ਬਿਰਦ।
ਖਾਲਸਾ ਮੇਰੋ ਪਿੰਡ ਪਰਾਨ। ਖਾਲਸਾ ਮੇਰੀ ਜਾਨ ਕੀ ਜਾਨ।
ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ।
ਸੇਸ ਰਸਨ ਸਾਰਦ ਸੀ ਬੁਧ। ਤਦਪ ਨ ਉਪਮਾ ਬਰਨਤ ਸੁਧ।
ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ।

(**ਸਰਬ ਲੋਹ ਗ੍ਰੰਥ**)

ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ ਨੂੰ ਮੁੱਖ ਰੱਖ ਕੇ ਇਸ ਨੂੰ ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ, ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ ਤੇ ਸ਼ਕਤੀਆਂ ਹਨ। ਨਿਰਾਲੇ ਰੂਪ ਕਾਰਨ ਖਾਲਸੇ ਨੂੰ ਕੁਝ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਟਾਕਰਾ ਦ੍ਰਿੜ੍ਹਤਾ ਨਾਲ ਕਰਨ ਦੀ ਲੋੜ ਹੈ। ਤਾਂ ਜੋ ਖਾਲਸੇ ਦੇ ਨਿਰਾਲੇ ਰੂਪ ਨੂੰ ਕਾਇਮ ਰੱਖਿਆ ਜਾ ਸਕੇ।

ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।
ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ। (**ਸਰਬ ਲੋਹ**)

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਂਸਲਾ ਨਹੀਂ ਛੱਡਿਆ। ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਂਆਂ ਲੜਾਈਆਂ ਵਿਚ ਘੱਟ ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾਂ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ। ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫਤਿਹ ਹਾਸਿਲ ਕੀਤੀ। ਇਸ ਤਰ੍ਹਾਂ ਅਤੀ ਔਖੇ ਹਾਲਾਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਨੂੰ ਹੀ ਪ੍ਰਾਪਤ ਹੈ। ਖਾਲਸਾ ਆਚਾਰ, ਵਿਹਾਰ, ਸਦਾਚਾਰ, ਸੀਲ-ਸੰਜਮ, ਤਿਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਦੀ ਬਾਣੀ, ਗੁਰੂ ਸਾਹਿਬਾਂ ਦੇ ਉੱਚੇ ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ ਤੇ ਕਾਲੀ ਦ੍ਰਿਸ਼ਟੀ ਅਤੇ ਬੇਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹਨ। ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ। ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ।

ਭਗਤ ਧੰਨਾ ਜੀ



ਰਾਜਸਥਾਨ ਵਿਚ ਟੋਂਕ ਪਰਗਨੇ ਤੋਂ ਵੀਹ ਮੀਲ ਦੀ ਵਾਟ ਤੇ ਦਿਉਲੀ ਛਾਵਨੀ ਦੇ ਲਾਗੇ ਪਿੰਡ ਧੁਆਂ ਵਿਚ ਭਗਤ ਧੰਨਾ ਜੀ ਦਾ ਜਨਮ ਸੰਨ 1415 ਨੂੰ ਹੋਇਆ। ਪਿੰਡ ਵਿਚ ਜਦ ਵੀ ਕੋਈ ਸਾਧੂ ਮਹਾਤਮਾ ਆਉਂਦਾ ਤਾਂ ਆਪ ਸਭ ਤੋਂ ਅੱਗੇ ਬੈਠ ਕਥਾ ਵਾਰਤਾ ਸੁਣਦੇ ਤੇ ਫਿਰ ਸਾਧੂਆਂ ਨੂੰ ਘਰ ਲਿਆ ਸੇਵਾ ਕਰਦੇ। ਇਕ ਵਾਰੀ ਇਕ ਪੰਡਤ ਦੀ ਜਦ ਕਥਾ ਸੁਣੀ ਕਿ ਭਗਤ ਕਬੀਰ, ਭਗਤ ਨਾਮਦੇਵ ਅਤੇ ਰਵਿਦਾਸ ਜੀ ਤੇ ਸੈਣ ਨੇ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਕੀਤੇ ਹਨ ਤਾਂ ਇਨ੍ਹਾਂ ਦੇ ਮਨ ਵਿਚ ਵੀ ਚਾਅ ਉਠਿਆ ਕਿ ਉਹ ਵੀ ਵਾਹਿਗੁਰੂ ਦੀ ਹਜ਼ੂਰੀ ਦਾ ਆਨੰਦ ਮਾਨਣਗੇ। ਐਸੇ ਭਗਤੀ ਵਿਚ ਲੱਗੇ ਕਿ ਵਾਹਿਗੁਰੂ ਨੇ ਪ੍ਰਤੱਖ ਦਰਸ਼ਨ ਦਿੱਤੇ ਅਤੇ ਬੜੇ ਭਾਗਾਂ ਵਾਲੇ ਹੋਏ। ਗੁਰੂ ਅਰਜਨ ਦੇਵ ਜੀ ਨੇ ਗਵਾਹੀ ਭਰੀ ਹੈ :

ਇਹਿ ਬਿਧਿ ਸੁਨਿ ਕੈ ਜਾਟਰੋ
ਉਠਿ ਭਗਤੀ ਲਾਗਾ ॥
ਮਿਲੇ ਪ੍ਰਭਿ ਗੁਸਾਈਆ ਧੰਨਾ ਵਡਭਾਗਾ ॥

- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488

ਭਗਤ ਧੰਨਾ ਜੀ ਆਪ ਵੀ ਲਿਖਦੇ ਹਨ ਕਿ ਹਰ ਥਾਂ ਵਿਆਪਕ ਪ੍ਰਭੂ ਦੀ ਜੋਤ ਜਦ ਅੰਦਰ ਹਿਰਦੇ ਵਿਚ ਟਿਕ ਗਈ ਤਾਂ ਉਹ ਪ੍ਰਭੂ ਜੋ ਹੱਥ ਆਉਣਾ ਮੁਸ਼ਕਿਲ ਲਗਦਾ ਹੀ ਛੇਤੀ ਮਿਲ ਗਿਆ। ਆਪਣਾ ਤਜ਼ਰਬਾ ਸਾਂਝਾ ਕਰਦੇ ਹੋਏ ਭਗਤ ਧੰਨਾ ਜੀ ਕਹਿੰਦੇ ਹਨ ਕਿ ਉਸ ਨੇ ਜਗਤ ਦਾ ਮਾਲਕ (ਧਰਣੀ ਧਰੁ) ਨੂੰ ਹੋਰ ਕਿਧਰੋਂ ਨਹੀਂ ਪਾਇਆ ਕੇਵਲ ਸੰਤ ਜਨਾਂ ਦੀ ਸੰਗਤ ਕੀਤੀ ਤੇ 'ਧਰਣੀ ਧਰੁ' ਪ੍ਰਾਪਤ ਕਰ ਲਿਆ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਆਸਾ ਰਾਗ ਦੇ ਦੂਜੇ ਸ਼ਬਦ ਵਿਚ ਭਗਤ ਧੰਨਾ ਜਾ ਕਹਿੰਦੇ ਹਨ ਕਿ ਜੇ ਸਾਰੀ ਧਰਤੀ ਦਾ ਵੀ ਕੋਈ ਮਾਲਕ ਬਣ ਜਾਏ ਤਾਂ ਵੀ ਉਸ ਦੀ ਮਰਜ਼ੀ ਨਹੀਂ ਚਲਣੀ। ਹੋਣਾ ਉਹ ਕੁਝ ਹੀ ਹੈ ਜੋ ਵਾਹਿਗੁਰੂ ਨੂੰ ਭਾਵੇ।

ਜੇ ਧਾਵਹਿ ਬ੍ਰਹਮੰਡ ਖੰਡ ਕਉ
ਕਰਤਾ ਕਰੈ ਸੁ ਹੋਈ ॥

- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488

ਸਮਝਾਂਦੇ : ਰੋਜ਼ੀ ਦਾ ਫਿਕਰ ਛੱਡ ਕਿਉਂਕਿ ਰੋਜ਼ੀ ਰੋਟੀ ਦਾ ਪ੍ਰਬੰਧ ਤਾਂ ਵਾਹਿਗੁਰੂ ਨੇ ਉਸ ਵੇਲੇ ਵੀ ਕੀਤਾ ਜਦ ਤੂੰ ਮਾਂ ਦੇ ਉਦਰ ਵਿਚ ਸੀ। ਪੱਥਰ ਪਏ ਕੀੜੇ ਨੂੰ ਜਿਸ ਦਾ ਕੋਈ ਦਰਵਾਜ਼ਾ ਤੱਕ ਨਹੀਂ ਹੁੰਦਾ, ਉਹ ਰੋਜ਼ੀ ਪਹੁੰਚਾਉਂਦਾ ਹੈ। ਤੂੰ ਕਿਉਂ ਤੌਖਲਾ ਕਰਦਾ ਹੈਂ। ਤੇਰੇ ਲਈ ਇਕ ਹੀ ਬਣ ਆਉਂਦਾ ਹੈ ਕਿ ਉਸ ਦੀ ਯਾਦ ਹਿਰਦੇ ਸੰਭਾਲ।

ਪਾਖਣਿ ਕੀਟੁ ਗੁਪਤੁ ਹੋਇ ਰਹਤਾ
ਤਾ ਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ
ਮਤ ਰੇ ਜੀਅ ਡਰਾਂਹੀ ॥

- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488

ਸਾਡੇ ਇਤਿਹਾਸ ਮੁਤਾਬਕ ਭਗਤ ਧੰਨਾ ਜੀ ਦੀ ਮੁਲਾਕਾਤ ਗੁਰੂ ਨਾਨਕ ਦੇਵ ਜੀ ਨਾਲ ਪਹਿਲੀ ਉਦਾਸੀ ਸਮੇਂ ਪਿੰਡ ਧੂਆਂ ਵਿਚ ਹੀ ਹੋਈ ਸੀ।

ਆਪ ਜੀ ਦੇ ਆਸਾ ਰਾਗ ਵਿਚ ਦੋ ਤੇ ਧਨਾਸਰੀ ਰਾਗ ਵਿਚ ਇਕ ਸ਼ਬਦ ਦਰਜ ਹੈ ਜਿਸ ਵਿਚ ਗ੍ਰਿਹਸਤ ਜੀਵਨ ਸੁਖੀ ਗੁਜਾਰਨ ਲਈ ਜਿਥੇ ਹੋਰ ਨਿਤ ਦੀਆਂ ਲੋੜਾਂ ਦਾ ਹੋਣਾ ਜ਼ਰੂਰੀ ਦੱਸੀਆਂ ਹਨ ਉਥੇ ਘਰ ਵਾਲੀ ਦਾ ਚੰਗਾ ਹੋਣਾ ਲਾਜ਼ਮੀ ਕਹਿਆ ਹੈ।

ਗੁਰੂ ਅਰਜਨ ਦੇਵ ਜੀ ਨੇ ਭਗਤ ਧੰਨਾ ਜੀ ਦੀ ਕਾਮਯਾਬੀ ਦਾ ਰਾਜ਼ ਚਤੁਰਾਈ ਛਡ 'ਸੇਵਿਆ ਬਾਲ ਬੁਧਿ' ਦਸਿਆ ਹੈ ਅਤੇ ਭਾਈ ਗੁਰਦਾਸ ਜੀ ਨੇ 'ਭੋਲਾ ਭਾਉ ਗੋਬਿੰਦ ਮਿਲਾਵੈ' ਦੀ ਗਵਾਹੀ ਭਰੀ ਹੈ।

ਜਿਥੇ ਭਗਤ ਧੰਨਾ ਜੱਟ ਹੋਣ ਨਾਤੇ ਵਾਹੀ ਕਰਦੇ ਸਨ ਸਦੀਆਂ ਗੁਜ਼ਰਨ ਬਾਅਦ ਅੱਜ ਵੀ ਲੋਕੀਂ ਉਸ ਖੇਤ ਨੂੰ 'ਧੰਨੇ ਭਗਤ ਕਾ ਖੇਤ' ਕਹਿ ਕੇ ਨਮਸਕਾਰ ਕਰਦੇ ਹਨ।

ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ ॥

ਵਿਸਾਖੀ : ਖਾਲਸਾ ਸਾਜਨਾ ਦਿਵਸ

ਵਿਸਾਖੀ ਦਾ ਪਿਛੋਕੜ : 'ਵਿਸਾਖੀ' ਸ਼ਬਦ ਦਾ ਮੂਲ ਸੰਸਕ੍ਰਿਤ ਦੇ 'ਵੈਸਾਖ' ਮਹੀਨੇ ਨਾਲ ਜੁੜਿਆ ਹੋਇਆ ਹੈ। ਭਾਰਤੀ ਸੂਰਜੀ ਕੈਲੰਡਰ ਅਨੁਸਾਰ, 'ਵੈਸਾਖ' ਨਵੇਂ ਸਾਲ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਕੈਲੰਡਰ ਵਿੱਚ ਇਹ ਦਿਨ ਅਪ੍ਰੈਲ ਮਹੀਨੇ ਦੇ ਮੱਧ ਵਿੱਚ ਆਉਂਦਾ ਹੈ, ਜਦੋਂ ਰਬੀ ਦੀ ਫਸਲ, ਖਾਸ ਕਰਕੇ ਕਣਕ, ਪੂਰੀ ਤਰ੍ਹਾਂ ਤਿਆਰ ਹੋ ਜਾਂਦੀ ਹੈ।

ਸੰਨ ੧੬੯੯ ਈ. ਤੋਂ ਪਹਿਲਾਂ ਵੀ, ਵਿਸਾਖੀ ਆਮ ਪੰਜਾਬੀ ਲੋਕਾਂ ਲਈ ਇੱਕ ਮਹੱਤਵਪੂਰਨ ਤਿਉਹਾਰ ਸੀ। ਪਿੰਡਾਂ ਵਿੱਚ ਮੇਲੇ ਲੱਗਦੇ ਸਨ, ਲੋਕ ਗੀਤ ਗਾਏ ਜਾਂਦੇ ਸਨ ਅਤੇ ਭੰਗੜਾ-ਗਿੱਧਾ ਪਾਇਆ ਜਾਂਦਾ ਸੀ। ਇਹ ਤਿਉਹਾਰ ਸਮੂਹਕ ਜੀਵਨ, ਸਾਂਝੀ ਖੁਸ਼ੀ ਅਤੇ ਆਪਸੀ ਭਰੋਸੇ ਨੂੰ ਮਜਬੂਤ ਕਰਦਾ ਸੀ। ਵਿਸਾਖੀ ਦੇ ਮੇਲੇ ਸਿਰਫ ਮਨੋਰੰਜਨ ਤੱਕ ਸੀਮਿਤ ਨਹੀਂ ਹੁੰਦੇ ਸਨ, ਸਗੋਂ ਇਹ ਪਿੰਡ ਦੀ ਆਰਥਿਕ ਅਤੇ ਸਮਾਜਿਕ ਜ਼ਿੰਦਗੀ ਦਾ ਕੇਂਦਰ ਹੁੰਦੇ ਸਨ। ਵਪਾਰ, ਵਿਆਹ-ਸਬੰਧ ਅਤੇ ਸਮਾਜਿਕ ਫੈਸਲੇ, ਅਕਸਰ ਇਨ੍ਹਾਂ ਮੇਲਿਆਂ ਨਾਲ ਜੁੜੇ ਹੁੰਦੇ ਸਨ।

ਅੱਜ ਵੀ ਅਰਥਵਿਵਸਥਾ ਅਤੇ ਸੱਭਿਆਚਾਰਕ ਪੱਖੋਂ ਵਿਸਾਖੀ ਦੀ ਆਪਣੀ ਇੱਕ ਅਹਿਮੀਅਤ ਹੈ। ਵਿਸਾਖੀ ਕਿਸਾਨੀ ਜੀਵਨ ਦਾ ਕੇਂਦਰ ਹੈ। ਇਹ ਮਨੁੱਖ ਅਤੇ ਕੁਦਰਤ ਦੇ ਸਾਂਝੇ ਰਿਸ਼ਤੇ ਨੂੰ ਉਜਾਗਰ ਕਰਦੀ ਹੈ। ਪੰਜਾਬ ਦੀ ਖੇਤੀਬਾੜੀ ਆਧਾਰਿਤ ਜੀਵਨ-ਪ੍ਰਣਾਲੀ ਵਿੱਚ ਵਿਸਾਖੀ ਖੁਸ਼ਹਾਲੀ, ਸੰਤੋਖ ਅਤੇ ਸ਼ੁਕਰਾਨੇ ਦਾ ਪ੍ਰਤੀਕ ਹੈ। ਖੇਤਾਂ ਵਿੱਚ ਲਹਿਰਾਂ ਮਾਰਦੀ ਸੋਨੇ ਵਰਗੀ ਕਣਕ ਕਿਸਾਨ ਦੀ ਸਾਲ ਭਰ ਦੀ ਮਿਹਨਤ, ਆਸ ਅਤੇ ਧੀਰਜ ਦਾ ਫਲ ਹੁੰਦੀ ਹੈ। ਇਸ ਦਿਨ ਕਿਸਾਨ ਕੁਦਰਤ ਅਤੇ ਅਕਾਲ ਪੁਰਖ ਦਾ ਧੰਨਵਾਦ ਕਰਦਾ ਹੈ। ਸੱਭਿਆਚਾਰਕ ਤੌਰ ' ਤੇ, ਪੰਜਾਬੀ ਪਹਿਰਾਵਾ, ਲੋਕਨਾਚ, ਲੋਕਗੀਤ ਅਤੇ ਮੇਲੇ ਵਿਸਾਖੀ ਨੂੰ ਰੰਗੀਨ ਅਤੇ ਜੀਵੰਤ ਬਣਾਉਂਦੇ ਹਨ। ਇਹ ਤਿਉਹਾਰ ਪੀੜ੍ਹੀ-ਦਰ-ਪੀੜ੍ਹੀ ਸੱਭਿਆਚਾਰਕ ਵਿਰਾਸਤ ਨੂੰ ਸਾਂਭ ਕੇ ਰੱਖਦਾ ਹੈ।

ਖਾਲਸਾ ਸਾਜਨਾ ਦਿਵਸ : ਸੰਨ ੧੬੯੯ਈ. ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਕਰਕੇ, ਨਾ ਸਿਰਫ ਸਿੱਖ ਕੌਮ ਨੂੰ ਨਵਾਂ ਸਰੂਪ ਬਖਸ਼ਿਸ਼ ਕੀਤਾ ਸਗੋਂ ਸਮੁੱਚੀ ਮਨੁੱਖਤਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ। "ਖਾਲਸਾ ਸਾਜਨਾ ਦਿਵਸ"ਮਨੁੱਖੀ ਇਤਿਹਾਸ ਦੀ ਇੱਕ ਅਤਿ ਮਹੱਤਵਪੂਰਨ ਘਟਨਾ ਹੋ ਨਿਬੜੀ ਹੈ। ਇਸ ਇਤਿਹਾਸਕ ਘਟਨਾ ਨੂੰ ਸਮਝਣ ਲਈ, ਉਸ ਸਮੇਂ ਦੇ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਹਾਲਾਤਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ। ਉਸ ਸਮੇਂ ਦੇ ਹਾਲਾਤ ਹੇਠ ਲਿਖੇ ਅਨੁਸਾਰ ਸਨ-

ਪਰਮਜੀਤ ਸਿੰਘ
"ਸੁਚਿੰਤਨ"
ਲੁਧਿਆਣਾ (ਪੰਜਾਬ)
97791-24500



ਸਮਕਾਲੀ ਹਾਲਾਤ : ੧੭ਵੀਂ ਸਦੀ ਦੇ ਅੰਤਲੇ ਦੌਰ ਵਿੱਚ ਭਾਰਤ 'ਤੇ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਉਸ ਦੀ ਧਾਰਮਿਕ ਨੀਤੀ ਬਹੁਤ ਕਠੋਰ ਅਤੇ ਅਸਹਿਣਸ਼ੀਲ ਮੰਨੀ ਜਾਂਦੀ ਹੈ। ਜਜੀਆ ਟੈਕਸ ਦੀ ਮੁੜ ਸ਼ੁਰੂਆਤ (ਸੰਨ ੧੬੭੯ ਈ.), ਜਮੀਂਦਾਰੀ ਪ੍ਰਣਾਲੀ ਅਤੇ ਕਈ ਹਿੰਦੂ ਧਾਰਮਿਕ ਕੇਂਦਰਾਂ ਦੀ ਤਬਾਹੀ ਨੇ ਸਮਾਜ ਵਿੱਚ ਅਸੰਤੋਸ਼ ਵਧਾਇਆ।

ਇਸ ਤੋਂ ਪਹਿਲਾਂ ਕਸ਼ਮੀਰੀ ਪੰਡਤਾਂ ਦੀ ਧਾਰਮਿਕ ਆਜ਼ਾਦੀ ਲਈ, ਸੰਨ ੧੬੭੫ ਈ. ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਸ਼ਹਾਦਤ ਦੇ ਦਿੱਤੀ ਸੀ। ਗੁਰੂ ਸਾਹਿਬ ਜੀ ਦੀ ਸ਼ਹਾਦਤ ਨੇ ਸਿੱਖ ਇਤਿਹਾਸ ਵਿੱਚ ਵੱਡਾ ਮੋੜ ਲਿਆਂਦਾ ਸੀ। ਇਸ ਘਟਨਾ ਨੇ ਸਿੱਖ ਕੌਮ ਵਿੱਚ ਨਿਆਂ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਜਾਗਰੂਕਤਾ ਅਤੇ ਜੁਝਾਰੂ ਭਾਵਨਾ ਨੂੰ ਮਜਬੂਤ ਕੀਤਾ ਸੀ।

ਮੁਗਲ ਸੱਤਾ ਨਾਲ ਸਿੱਖਾਂ ਦੇ ਟਕਰਾਅ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੀ "ਮੀਰੀ-ਪੀਰੀ" ਦਾ ਸਿਧਾਂਤ ਮੁਖਰ ਰੂਪ 'ਚ ਸਥਾਪਿਤ ਹੋ ਗਿਆ ਸੀ, ਜਿਸ ਅਨੁਸਾਰ ਆਤਮਿਕ ਅਤੇ ਸੰਸਾਰੀ ਸਕਤੀ ਦਾ ਸੁਮੇਲ ਤੇ ਸੰਤੁਲਨ ਜ਼ਰੂਰੀ ਕਰ ਦਿੱਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਰੰਪਰਾ ਨੂੰ ਹੋਰ ਪਕੇਰਾ ਤੇ ਮਜਬੂਤ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਪਹਾੜੀ ਰਾਜਿਆਂ ਦੀਆਂ ਰਿਆਸਤਾਂ ਸਨ। ਇਹ ਰਾਜੇ ਸਿੱਖਾਂ ਦੀ ਵਧਦੀ ਤਾਕਤ ਤੋਂ ਚਿੰਤਤ ਸਨ। ਕਈ ਵਾਰ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਮਿਲ ਕੇ ਗੁਰੂ ਜੀ ਦੇ ਖਲਿਾਫ ਜੰਗਾਂ ਲੜੀਆਂ। ਇਸ ਕਰਕੇ ਸਿੱਖ ਕੌਮ ਨੂੰ ਸੰਗਠਿਤ ਕਰਕੇ, ਜੰਗਾਂ ਲਈ ਹੋਰ ਮਜਬੂਤ ਬਣਾਉਣ ਦੀ ਲੋੜ ਮਹਿਸੂਸ ਹੋਈ। ਖਾਲਸੇ ਦੀ ਸਾਜਨਾ ਨਾਲ ਸਿੱਖਾਂ ਨੂੰ ਇੱਕ ਵਿਲੱਖਣ ਤੇ ਨਿਵੇਕਲੀ ਪਛਾਣ ਮਿਲੀ, ਜਿਸ ਨਾਲ ਉਹ ਕਿਸੇ ਵੀ ਜ਼ੁਲਮ ਦੇ ਖ਼ਿਲਾਫ, ਇਕੱਠੇ ਖੜ੍ਹੇ ਹੋ ਕੇ ਟਾਕਰਾ ਕਰਨ ਦੇ ਸਮਰੱਥ ਹੋ ਗਏ ਸਨ।

ਭਾਰਤੀ ਸਮਾਜ ਜਾਤ-ਪਾਤ, ਉੱਚ-ਨੀਚ ਅਤੇ ਛੂਆ-ਛੂਤ ਵਰਗੀਆਂ ਬੁਰਾਈਆਂ ਨਾਲ ਪੀੜਤ ਸੀ। ਧਾਰਮਿਕ ਰਸਮਾਂ ਅਤੇ ਪਖੰਡ ਦਾ ਬੋਲਬਾਲਾ ਸੀ। ਸਮਾਜ ਵਿੱਚ ਨੈਤਿਕ ਕਮਜ਼ੋਰੀ ਅਤੇ ਡਰ ਦਾ ਮਾਹੌਲ ਸੀ। ਖਾਲਸੇ ਦੀ ਸਾਜਨਾ ਨਾਲ ਗੁਰੂ ਸਾਹਿਬ ਜੀ ਨੇ ਜਾਤੀ-ਭੇਦ ਨੂੰ ਨਕਾਰ ਦਿੱਤਾ। ਗੁਰੂ ਸਾਹਿਬ ਜੀ ਵੱਲੋਂ ਸਾਜੇ ਗਏ ਪੰਜ ਪਿਆਰੇ ਵੱਖ-ਵੱਖ ਜਾਤਾਂ ਅਤੇ ਖੇਤਰਾਂ ਨਾਲ ਸੰਬੰਧਤ ਸਨ। ਇਹ ਸਮਾਜਿਕ ਕ੍ਰਾਂਤੀ ਦਾ ਪ੍ਰਤੀਕ ਸੀ। ਗੁਰੂ ਸਾਹਿਬ ਜੀ ਨੇ "ਸਿੰਘ" ਅਤੇ "ਕੌਰ" ਨਾਮ ਦੀ ਬਖਸ਼ਿਸ਼ ਕਰਕੇ, ਸਭ ਨੂੰ ਸਮਾਨਤਾ ਦੀ ਪਛਾਣ ਦਿੱਤੀ।

ਧਾਰਮਿਕ ਪੱਧਰ 'ਤੇ ਵੀ ਵੱਡੇ ਬਦਲਾਅ ਦੀ ਲੋੜ ਸੀ। ਗੁਰੂ ਗੋਬਿੰਦ

ਸਿੰਘ ਜੀ ਨੇ ਖਾਲਸਾ ਨੂੰ ਸਿਰਫ ਸਿਪਾਹੀ ਹੀ ਨਹੀਂ, ਸਗੋਂ ਆਤਮਿਕ ਰੂਪ ਵਿੱਚ ਵੀ ਮਜਬੂਤ ਬਣਾਇਆ। "ਸੰਤ-ਸਿਪਾਹੀ" ਦਾ ਆਦਰਸ਼ ਇੱਕ ਅਜਿਹਾ ਮਾਡਲ ਸੀ, ਜਿਸ ਵਿੱਚ ਭਗਤੀ ਅਤੇ ਸ਼ਕਤੀ ਦੋਹਾਂ ਦਾ ਸੁਮੇਲ ਸੀ। ਖਾਲਸਾ ਸਾਜਨਾ ਦਿਵਸ ਸਮੇਂ ਕੀਤੇ ਗਏ ਅੰਮ੍ਰਿਤ ਸੰਚਾਰ ਨੇ, ਸਿੱਖਾਂ ਨੂੰ ਇੱਕ ਅਨੁਸਾਸ਼ਿਤ ਜੀਵਨ ਜੀਣ ਲਈ ਪ੍ਰੇਰਿਤ ਕੀਤਾ। ਪੰਜ ਕਕਾਰਾਂ ਨੇ, ਸਿੱਖਾਂ ਨੂੰ ਹਮੇਸ਼ਾਂ ਆਪਣੇ ਆਦਰਸ਼ਾਂ ਦੀ ਯਾਦ ਦਿਵਾਈ।

ਸੰਨ ੧੬੯੯ ਈ. ਦੀ ਵਿਸਾਖੀ ਤੋਂ ਬਾਅਦ, ਸਿੱਖ ਕੌਮ ਦੀ ਪਛਾਣ ਵਿਲੱਖਣ ਹੋ ਗਈ ਸੀ। ਇਸ ਨਾਲ ਸਿੱਖਾਂ ਵਿੱਚ ਆਤਮ-ਵਿਸ਼ਵਾਸ ਵਧਿਆ ਅਤੇ ਉਹ ਜ਼ੁਲਮ ਦੇ ਵਿਰੁੱਧ ਡਟ ਕੇ ਖੜ੍ਹੇ ਹੋਏ। ਅਗਲੇ ਸਮਿਆਂ ਵਿੱਚ ਇਹੀ ਖਾਲਸਾ ਪੰਥ, ਸਿੱਖ ਮਿਸਲਾਂ ਅਤੇ ਆਖਿਰਕਾਰ ਸਿੱਖ ਰਾਜ ਦੀ ਸਥਾਪਨਾ ਦਾ ਅਧਾਰ ਬਣਿਆ।

ਖਾਲਸਾ ਸਾਜਨਾ ਦਿਵਸ ਦੇ ਸਮਕਾਲੀ ਹਾਲਾਤ ਰਾਜਨੀਤਿਕ ਅਸਥਿਰਤਾ, ਧਾਰਮਿਕ ਦਬਾਅ ਅਤੇ ਸਮਾਜਿਕ ਅਸਮਾਨਤਾ ਨਾਲ ਭਰੇ ਹੋਏ ਸਨ। ਇਸ ਪ੍ਰਸੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਾਜਨਾ ਇੱਕ ਆਤਮਿਕ ਅਤੇ ਸਮਾਜਿਕ ਕ੍ਰਾਂਤੀ ਸੀ। ਇਹ ਮਨੁੱਖੀ ਅਧਿਕਾਰਾਂ, ਧਾਰਮਿਕ ਆਜਾਦੀ ਅਤੇ ਸਮਾਨਤਾ ਦੀ ਰੱਖਿਆ ਲਈ ਇਕ ਇਤਿਹਾਸਕ ਕਦਮ ਸੀ, ਜਿਸ ਨੇ ਸਿੱਖ ਕੌਮ ਨੂੰ ਨਵੀਂ ਤੇ ਵਿਲੱਖਣ ਪਛਾਣ ਦਿੱਤੀ।

ਸੰਨ ੧੬੯੯ ਈ. ਦੀ ਵਿਸਾਖੀ, ਇਤਿਹਾਸ ਵਿੱਚ ਇੱਕ ਕ੍ਰਾਂਤੀਕਾਰੀ ਦਿਨ ਵਜੋਂ ਦਰਜ ਹੈ। ਇਸ ਦਿਨ ਦਸਵੇਂ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਵਿੱਚ ਖਾਲਸਾ ਪੰਥ ਦੀ ਸਾਜਨਾ ਕੀਤੀ। ਇਹ ਘਟਨਾ ਕੇਵਲ ਧਾਰਮਿਕ ਨਹੀਂ, ਸਗੋਂ ਸਮਾਜਿਕ, ਰਾਜਨੀਤਕ ਅਤੇ ਨੈਤਿਕ ਕ੍ਰਾਂਤੀ ਸੀ। ਉਸ ਸਮੇਂ ਭਾਰਤ ਵਿੱਚ ਜਾਤ-ਪਾਤ, ਊਚ-ਨੀਚ ਅਤੇ ਧਾਰਮਿਕ ਅੰਧਵਿਸ਼ਵਾਸ ਵਿਆਪਕ ਸਨ। ਜ਼ੁਲਮੀ ਸ਼ਾਸ਼ਨ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਆਮ ਗੱਲ ਸੀ। ਕਲਗੀਧਰ ਪਾਤਸ਼ਾਹ ਨੇ ਵਿਸਾਖੀ ਦੇ ਦਿਨ, ਮਨੁੱਖੀ ਗੌਰਵ ਅਤੇ ਆਜ਼ਾਦੀ ਲਈ ਇੱਕ ਨਵਾਂ ਮਾਰਗ ਦਰਸਾਇਆ ਸੀ।

ਖਾਲਸੇ ਦੀ ਸਾਜਨਾ : ਕਲਗੀਧਰ ਪਾਤਸ਼ਾਹ ਨੇ ਸੰਨ ੧੬੯੯ ਈ. ਦੀ ਵਿਸਾਖੀ ਦੇ ਮੌਕੇ 'ਤੇ ਖਾਲਸੇ ਦੀ ਸਾਜਨਾ ਕੀਤੀ। ਇਸ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਦਾ ਵੱਡਾ ਇਕੱਠ ਕੀਤਾ ਗਿਆ ਸੀ। ਗੁਰੂ ਸਾਹਿਬ ਜੀ ਨੇ ਇੱਕ ਕੌਤਕ ਵਰਤਾਇਆ। ਆਪ ਜੀ ਹੱਥ 'ਚ ਨੰਗੀ ਸਮਸ਼ੀਰ (ਕਿਰਪਾਨ) ਫੜ੍ਹ ਕੇ, ਭਰੇ ਦਰਬਾਰ 'ਚ ਆਏ ਅਤੇ ਸੀਸ ਦੀ ਮੰਗ ਕੀਤੀ। ਸਾਰੇ ਪਾਸੇ ਚੁੱਪ ਛਾ ਗਈ ਸੀ। ਅਖੀਰ, ਲਾਹੌਰ ਦੇ ਰਹਿਣ ਵਾਲੇ ਭਾਈ ਦਇਆ ਰਾਮ ਜੀ ਉੱਠੇ ਅਤੇ ਗੁਰੂ ਸਾਹਿਬ ਜੀ ਕੋਲ ਪਹੁੰਚ ਕੇ ਆਪਣਾ ਸੀਸ ਝੁਕਾ ਕੇ ਕਹਿਣ ਲੱਗੇ ਕਿ ਸਤਿਗੁਰੂ ਜੀ ! ਮੇਰਾ ਸੀਸ ਹਾਜ਼ਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵਾਰੀ ਵਾਰੀ ਪੰਜ ਸਿੱਖਾਂ ਦੇ ਸੀਸ ਦੀ ਮੰਗ ਕੀਤੀ। ਗੁਰੂ ਸਾਹਿਬ ਵੱਲੋਂ ਸੰਗਤ ਅੱਗੇ ਸੀਸ ਦੀ ਮੰਗ ਕਰਨਾ ਕੋਈ ਆਮ ਘਟਨਾ ਨਹੀਂ ਸੀ। ਸਗੋਂ ਇਹ ਤਾਂ ਸਿੱਖਾਂ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਕਰਨ ਦੀ ਇੱਕ ਜੁਗਤਿ ਸੀ। ਭਾਈ ਦਇਆ ਰਾਮ ਜੀ ਤੋਂ ਬਾਅਦ, ਹਸਤਿਨਾਪੁਰ (ਉੱਤਰ ਪ੍ਰਦੇਸ) ਨਿਵਾਸੀ ਭਾਈ ਧਰਮ ਦਾਸ ਜੀ, ਜਗਨਨਾਥ ਪੁਰੀ (ਉੜੀਸਾ) ਨਿਵਾਸੀ ਭਾਈ ਹਿੰਮਤ ਰਾਇ ਜੀ, ਦੁਆਰਕਾ (ਗੁਜਰਾਤ) ਨਿਵਾਸੀ ਭਾਈ ਮੋਹਕਮ ਚੰਦ ਜੀ ਅਤੇ ਬਿਦਰ (ਕਰਨਾਟਕਾ) ਨਿਵਾਸੀ ਭਾਈ ਸਾਹਿਬ ਚੰਦ ਜੀ ਨੇ ਆ ਕੇ, ਗੁਰੂ ਸਾਹਿਬ ਜੀ ਦੇ ਚਰਨਾਂ 'ਚ ਆਪਣੇ ਸੀਸ ਭੇਟ ਕੀਤੇ। ਇਹ ਮਨੁੱਖੀ ਮਨ ਦੀ ਕਸੌਟੀ ਸੀ। ਪੰਜ ਸਿੱਖਾਂ ਦਾ ਅੱਗੇ ਆਉਣਾ ਸ਼ਹਾਦਤ, ਨਿਡਰਤਾ ਅਤੇ ਪੂਰਨ ਸਮਰਪਣ ਦਾ ਪ੍ਰਤੀਕ ਸੀ।

ਕਲਗੀਧਰ ਪਾਤਸ਼ਾਹ ਜੀ ਨੇ ਇਹਨਾਂ ਪੰਜ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਅਤੇ ਇਹਨਾਂ ਸਿੱਖਾਂ ਨੂੰ "ਪੰਜ ਪਿਆਰਿਆਂ" ਦਾ ਖ਼ਿਤਾਬ ਬਖਸ਼ਿਸ਼ ਕੀਤਾ। ਅੰਮ੍ਰਿਤ ਛਕਾਉਣ ਤੋਂ ਬਾਅਦ, ਗੁਰੂ ਸਾਹਿਬ ਜੀ ਨੇ ਜਾਤਾਂ-ਪਾਤਾਂ ਦਾ ਭੇਦ ਮਿਟਾ ਕੇ, ਇਹਨਾਂ ਪੰਜ ਪਿਆਰਿਆਂ ਦੇ ਨਾਵਾਂ ਨਾਲ "ਸਿੰਘ" ਲਾ ਦਿੱਤਾ ਅਤੇ ਇਹਨਾਂ ਨੂੰ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਬਣਾ ਦਿੱਤਾ। ਇਹ ਪੰਜੇ ਸਿੱਖ ਵੱਖ-ਵੱਖ ਜਾਤਾਂ ਅਤੇ ਖੇਤਰਾਂ ਤੋਂ ਸਨ ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਖਾਲਸਾ ਪੰਥ ਜਾਤ-ਪ੍ਰਥਾ ਦੇ ਖ਼ਿਲਾਫ ਇੱਕ ਮਜਬੂਤ ਐਲਾਨ ਸੀ।

ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ, ਗੁਰੂ ਸਾਹਿਬ ਜੀ ਨੇ ਇਹਨਾਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕਣ ਦੀ ਜਾਚਨਾ ਕੀਤੀ ਅਤੇ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਨ ਲਈ ਬੇਨਤੀ ਕੀਤੀ। ਇੰਝ ਗੁਰੂ ਸਾਹਿਬ ਜੀ ਪੰਜ ਪਿਆਰਿਆਂ ਪਾਸੋਂ ਅੰਮ੍ਰਿਤਪਾਨ ਕਰਕੇ, ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ। ਇਹ ਇੱਕ ਵਿਲੱਖਣ ਤੇ ਨਿਵੇਕਲੀ ਇਤਿਹਾਸਕ ਘਟਨਾ ਸੀ ਜਦੋਂ ਇੱਕ ਗੁਰੂ ਨੇ ਆਪਣੇ ਹੀ ਸਿੱਖਾਂ ਪਾਸੋਂ ਇੱਕ ਜਾਚਕ ਦੀ ਤਰ੍ਹਾਂ ਅੰਮ੍ਰਿਤ ਛਕਣ ਦੀ ਜਾਚਨਾ ਕੀਤੀ ਸੀ ਅਤੇ "ਗੁਰੂ-ਚੇਲੇ" ਦੀ ਪਰੰਪਰਾ ਨੂੰ ਇੱਕ ਨਵਾਂ ਰੂਪ ਦੇ ਦਿੱਤਾ ਸੀ।

'ਖੰਡੇ ਦੀ ਪਾਹੁਲ' ਰਾਹੀਂ ਅੰਮ੍ਰਿਤ ਸੰਸਕਾਰ ਦੀ ਸ਼ੁਰੂਆਤ, ਸਿੱਖ ਧਰਮ ਨੂੰ ਵਿਹਾਰਕ ਰੂਪ ਵਿੱਚ ਸੰਗਠਿਤ ਕਰਦੀ ਹੈ। 'ਸਿੰਘ' ਅਤੇ 'ਕੌਰ' ਦੀ ਉਪਾਧੀ ਰਾਹੀਂ ਗੁਰੂ ਸਾਹਿਬ ਨੇ ਨਾਰੀ-ਪੁਰਖ ਸਮਾਨਤਾ ਨੂੰ ਮਜਬੂਤ ਕੀਤਾ। ਪੰਜ ਕਕਾਰ ਸਿੱਖ ਜੀਵਨ ਦੇ ਆਤਮਿਕ ਅਤੇ ਨੈਤਿਕ ਅਨੁਸਾਸ਼ਨ ਦਾ ਪ੍ਰਤੀਕ ਹਨ। ਇਹ ਸਿਰਫ ਨਿਸ਼ਾਨ ਨਹੀਂ, ਸਗੋਂ ਇੱਕ ਜੀਵਨ-ਦਰਸ਼ਨ ਹਨ।

ਇੰਝ ਵਿਸਾਖੀ ਸਿੱਖ ਧਰਮ, ਪੰਜਾਬੀ ਸਭਿਆਚਾਰ ਅਤੇ ਭਾਰਤੀ ਉਪ-ਮਹਾਂਦੀਪ ਦੇ ਇਤਿਹਾਸ ਵਿੱਚ ਇੱਕ ਵਿਲੱਖਣ ਅਤੇ ਮਹਾਨ ਤਿਉਹਾਰ ਬਣ ਗਿਆ ਹੈ। ਇਹ ਸਿਰਫ ਇੱਕ ਮੌਸਮੀ ਜਾਂ ਖੇਤੀਬਾੜੀ ਦਾ ਤਿਉਹਾਰ ਨਹੀਂ ਸਗੋਂ ਆਤਮਿਕ ਜਾਗਰੂਕਤਾ, ਸਮਾਜਿਕ ਕ੍ਰਾਂਤੀ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਦਾ ਪ੍ਰਤੀਕ ਹੈ। ਵਿਸਾਖੀ ਦਾ ਦਿਨ ਖਾਲਸਾ ਪੰਥ ਦੀ ਸਾਜਨਾ, ਸਿੱਖ ਦਰਸ਼ਨ ਦੀ ਵਿਹਾਰਕ ਅਭਿਵਿਅਕਤੀ ਅਤੇ ਸਰਬੱਤ ਦੇ ਭਲੇ ਦੇ ਸੰਕਲਪ ਨਾਲ ਗਹਿਰਾਈ ਨਾਲ ਜੁੜਿਆ ਹੋਇਆ ਹੈ।

ਚੋਣਵੀਆਂ ਪ੍ਰੇਰਨਾਵਾਂ : ਸੰਨ ੧੬੯੯ ਈ. ਦੀ ਵਿਸਾਖੀ ਵਾਲੇ ਦਿਨ ਕਲਗੀਧਰ ਪਾਤਿਸ਼ਾਹ ਨੇ ਖਾਲਸੇ ਦੀ ਸਾਜਨਾ ਕੀਤੀ। ਇਸ ਸਮੁੱਚੇ ਬ੍ਰਿਤਾਂਤ 'ਚੋਂ ਸਾਨੂੰ ਬਹੁਤ ਸਾਰੀਆਂ ਪ੍ਰੇਰਨਾਵਾਂ ਮਿਲਦੀਆ ਹਨ। ਇਹਨਾਂ ਵਿੱਚੋਂ ਚੋਣਵੀਆਂ ਪ੍ਰੇਰਨਾਵਾਂ ਪਾਠਕਾਂ ਦੇ ਸਨਮੁੱਖ ਰੱਖਣ ਦਾ ਯਤਨ ਕਰ ਰਿਹਾ ਹਾਂ ਜੀ।

* ਜਦੋਂ ਕਲਗੀਧਰ ਪਾਤਿਸਾਹ ਨੇ ਹੱਥ 'ਚ ਨੰਗੀ ਸਮਸ਼ੀਰ ਫੜ ਕੇ, ਭਰੇ ਦਰਬਾਰ 'ਚ ਪਹਿਲੇ ਸੀਸ ਦੀ ਮੰਗ ਕੀਤੀ ਤਾਂ ਭਾਈ ਦਇਆ ਰਾਮ ਜੀ ਸੀਸ ਦੇਣ ਲਈ ਨਿੱਤਰੇ। ਭਾਈ ਦਇਆ ਰਾਮ ਜੀ ਦਾ ਕਿੰਨਾਂ ਵੱਡਾ ਜਿਗਰਾ ਹੋਵੇਗਾ ਜੋ ਕਿ ਸਾਹਮਣੇ ਮੌਤ ਦੇਖ ਕੇ ਵੀ ਆਪਣਾ ਸੀਸ ਭੇਟ ਕਰਨ ਲਈ ਨਿੱਤਰੇ। ਦੂਜਾ, ਭਾਈ ਦਇਆ ਰਾਮ ਜੀ ਦਾ ਕਲਗੀਧਰ ਪਾਤਿਸ਼ਾਹ 'ਤੇ ਕਿੰਨਾਂ ਭਰੋਸਾ ਹੋਵੇਗਾ, ਕਲਗੀਧਰ ਪਾਤਿਸ਼ਾਹ ਪ੍ਰਤੀ ਕਿੰਨਾਂ ਪਿਆਰ ਤੇ ਸਤਿਕਾਰ ਹੋਵੇਗਾ ਜੋ ਕਿ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ, ਸੀਸ ਭੇਟ ਕਰਨ ਲਈ ਤਿਆਰ ਹੋ ਗਏ। ਇਸੇ ਤਰ੍ਹਾਂ ਭਾਈ ਧਰਮ ਦਾਸ ਜੀ, ਹਿੰਮਤ ਰਾਇ ਜੀ, ਭਾਈ ਮੋਹਕਮ ਚੰਦ ਜੀ ਅਤੇ ਭਾਈ ਸਾਹਿਬ ਚੰਦ ਜੀ ਨੇ ਬਹਾਦਰੀ ਅਤੇ ਕਲਗੀਧਰ ਪਾਤਿਸ਼ਾਹ 'ਤੇ ਆਪਣੇ ਭਰੋਸੇ ਦਾ ਪ੍ਰਗਟਾਵਾ ਕਰਦੇ ਹੋਏ, ਆਪਣੇ ਸੀਸ ਗੁਰੂ ਸਾਹਿਬ ਜੀ ਨੂੰ ਭੇਟ ਕਰ ਦਿੱਤੇ।

* ਕਲਗੀਧਰ ਪਾਤਿਸ਼ਾਹ ਨੇ ਤਾਂ ਫਿਰ ਕਮਾਲ ਹੀ ਕਰ ਦਿੱਤੀ। ਸਿੱਖਾਂ ਨੂੰ ਨਵਾਂ ਰੂਪ ਬਖ਼ਸ਼ ਕੇ, ਨਾ ਸਿਰਫ ਖਾਲਸੇ ਦੀ ਸਾਜਨਾ ਹੀ ਕੀਤੀ ਸਗੋਂ ਆਪ ਓਹਨਾਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਮੰਗ ਕੇ, ਸਮੁੱਚੀ ਖਲਕਤ ਦੇ ਸਾਹਮਣੇ, ਅੰਮ੍ਰਿਤ ਦੀ ਮਹਾਨਤਾ ਅਤੇ ਪੰਜ ਪਿਆਰਿਆਂ ਦਾ ਰੁਤਬਾ, ਦੋਹਾਂ ਦਾ ਪ੍ਰਗਟਾਵਾ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਦੀ ਜਾਚਨਾ ਕਰਕੇ, ਗੁਰੂ-ਚੇਲੇ ਦੀ ਪਰੰਪਰਾ ਨੂੰ ਨਵਾਂ ਰੂਪ ਦੇ ਦਿੱਤਾ। ਇਸ ਦੀ ਮਿਸਾਲ ਦੁਨੀਆ ਦੇ ਇਤਿਹਾਸ 'ਚ ਕਿਤੇ ਹੋਰ ਨਹੀਂ ਮਿਲਦੀ। ਖਾਲਸੇ ਦੀ ਸਾਜਨਾ ਇੱਕ ਅਜਿਹੀ ਘਟਨਾ ਸੀ, ਜਿਸ ਨੇ ਸਮਾਜ ਦੀ ਨੁਹਾਰ ਬਦਲ ਕੇ ਰੱਖ ਦਿੱਤੀ। ਇੱਕ ਐਸਾ ਕਰਿਸਮਾ ਹੋਇਆ ਕਿ ਸਮਾਜ ਅੰਦਰ ਅਣਖ ਜਾਗ ਗਈ। ਆਮ ਲੋਕਾਂ ਅੰਦਰ ਐਸੀ ਊਰਜਾ ਦਾ ਸੰਚਾਰ ਹੋਇਆ ਕਿ ਵੈਰੀ ਥਰ-ਥਰ ਕੰਬਣ ਲੱਗਾ। ਇਹ ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ।

ਸਾਰ : ਵਿਸਾਖੀ ਸਿਰਫ ਇੱਕ ਤਿਉਹਾਰ ਨਹੀਂ ਸਗੋਂ ਇੱਕ ਜੀਵਨ-ਦਰਸ਼ਨ ਹੈ। ਇਹ ਸਾਨੂੰ ਆਪਣੇ ਇਤਿਹਾਸ, ਧਰਮ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਾਲ ਜੋੜਦੀ ਹੈ। ਖਾਲਸਾ ਪੰਥ ਦੀ ਸਾਜਨਾ ਰਾਹੀਂ ਮਿਲਿਆ ਸੰਦੇਸ਼, ਅੱਜ ਵੀ ਉਤਨਾ ਹੀ ਪ੍ਰਾਸੰਗਿਕ ਹੈ, ਜਿੰਨਾ ਸੰਨ ੧੬੯੯ ਵਿੱਚ ਸੀ।

ਖਾਲਸਾ ਸਾਜਨਾ ਦਿਵਸ, ਸਿੱਖ ਨੂੰ ਸੰਤ-ਸਿਪਾਹੀ ਬਣਨ ਦੀ ਪ੍ਰੇਰਣਾ ਕਰਦਾ ਹੈ। ਇਹ ਪਾਵਨ ਦਿਵਸ ਸਾਨੂੰ ਯਾਦ ਕਰਵਾਉਂਦਾ ਹੈ ਕਿ ਸੱਚ, ਨਿਆਂ ਅਤੇ ਸਰਬੱਤ ਦੇ ਭਲੇ ਲਈ ਖੜ੍ਹਾ ਹੋਣਾ ਹੀ ਮਨੁੱਖੀ ਜੀਵਨ ਦੀ ਸਾਰਥਕਤਾ ਹੈ। ਅੱਜ ਦੇ ਸਮੇਂ ਵਿੱਚ 'ਖਾਲਸਾ ਸਾਜਨਾ ਦਿਵਸ' ਸਾਨੂੰ ਮਨੁੱਖੀ ਅਧਿਕਾਰਾਂ, ਸਮਾਨਤਾ ਅਤੇ ਨਿਆਂ ਲਈ ਸਰਗਰਮ ਹੋਣ ਦੀ ਪ੍ਰੇਰਣਾ ਦਿੰਦਾ ਹੈ। 'ਸਰਬੱਤ ਦਾ ਭਲਾ' ਖਾਲਸਾ ਸਾਜਨਾ ਦਿਵਸ ਦਾ ਕੇਂਦਰੀ ਸੰਦੇਸ਼ ਹੈ। ਇਹ ਸੰਕਲਪ ਵਿਸ਼ਵ ਸਾਂਤੀ ਅਤੇ ਮਨੁੱਖੀ ਏਕਤਾ ਲਈ ਬਹੁਤ ਮਹੱਤਵਪੂਰਨ ਹੈ। ਇਹ ਦਿਵਸ ਸਾਨੂੰ ਨਿਡਰਤਾ, ਸੇਵਾ, ਤਿਆਗ ਅਤੇ ਸੱਚ ਦੇ ਮਾਰਗ 'ਤੇ ਚੱਲਣ ਦੀ ਸਿੱਖਿਆ ਦਿੰਦਾ ਹੈ। ਇਸ ਦਿਵਸ ਦੀ ਮਹਾਨਤਾ ਨੂੰ ਸੰਸਾਰ ਪੱਧਰ 'ਤੇ ਪ੍ਰਚਾਰਤ ਤੇ ਪ੍ਰਸਾਰਤ ਕਰਨਾ, ਸਾਡਾ ਸਭਨਾਂ ਦਾ ਮੁੱਢਲਾ ਫਰਜ਼ ਹੈ।

• • •

ਫੁੱਲਦਾਰ ਦਰੱਖਤ ਅਤੇ ਗੁਣਵਾਨ ਵਿਅਕਤੀ ਹੀ ਝੁਕਦੇ ਨੇ।

ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।


2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

ਸੰਪਾਦਕ - ਸੁਰਿੰਦਰ ਸਿੰਘ ਰੂਬੀ

98141-28181

ਪ੍ਰਕਾਸ਼ ਗੁਰਪੁਰਬ ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼, ਸ੍ਰੀ ਤੇਜ ਭਾਨ ਜੀ ਭੱਲੇ ਖਤਰੀ ਦੇ ਘਰ ਮਾਤਾ ਲੱਖਮੀ (ਸੁਲੱਖਣੀ) ਜੀ ਦੀ ਕੁੱਖ ਤੋਂ ਮਿਤੀ 27 ਵਿਸਾਖ ਸੰਮਤ 1536 ਬਿਕਰਮੀ 1479ਈ. (ਵਿਸਾਖੀ ਸੁਦੀ ਚੌਦਸ) ਦਿਨ ਸ਼ੁੱਕਰਵਾਰ ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ।



ਸ੍ਰੀ ਗੁਰੂ ਅਮਰਦਾਸ ਜੀ ਦੇ ਤਿੰਨ ਹੋਰ ਛੋਟੇ ਭਰਾ ਸਨ, ਈਸ਼ਰ ਦਾਸ (ਭਾਈ ਗੁਰਦਾਸ ਜੀ ਦੇ ਪਿਤਾ), ਖੇਮ ਰਾਇ ਅਤੇ ਮਾਨਕ ਚੰਦ। ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਛੋਟੇ ਤਾਂ ਗੁਰੂ ਅੰਗਦ ਦੇਵ ਜੀ ਤੋਂ 25 ਸਾਲ ਵੱਡੇ ਸਨ। ਗੁਰੂ ਅਮਰਦਾਸ ਜੀ ਆਪਣੇ ਪਿਤਾ ਵਾਂਗ ਇਕਾਦਸ਼ੀ ਦਾ ਵਰਤ ਰੱਖਦੇ ਸੀ ਅਤੇ ਪਿੰਡ ਵਿੱਚ ਆਏ ਸਾਧੂ ਸੰਤਾਂ ਦੀ ਸੇਵਾ ਕਰਕੇ ਬਹੁਤ ਖੁਸ਼ ਹੁੰਦੇ ਸਨ। ਆਪ ਹਰ ਸਾਲ ਗੰਗਾ ਇਸ਼ਨਾਨ ਵਾਸਤੇ ਵੀ ਜਾਇਆ ਕਰਦੇ ਸਨ। ਇਹ ਯਾਤਰਾ ਕਰਦੇ ਇਕ ਵਾਰ ਆਪ ਅੰਬਾਲਾ ਨੇੜੇ ਕਿਸੇ ਥਾਂ 'ਤੇ ਠਹਿਰੇ ਤਾਂ ਇਕ ਸਾਥੀ ਪੰਡਿਤ ਨੇ ਪੁਛਿਆ ਕੁ ਤੁਹਾਡਾ ਗੁਰੂ ਕੌਣ ਹੈ? ਇਹ ਦੱਸਣ ਤੇ ਕਿ ਉਨ੍ਹਾਂ ਨੇ ਅਜੇ ਕੋਈ ਗੁਰੂ ਨਹੀਂ ਧਾਰਿਆ, ਪੰਡਿਤ ਨੇ ਸਾਥ ਛੱਡਦਿਆਂ ਕਿਹਾ 'ਨਿਗੁਰੇ' ਦਾ ਤਾਂ ਦਰਸ਼ਨ ਵੀ ਮਾੜਾ ਹੁੰਦਾ ਹੈ। ਉਸ ਦਿਨ ਤੋਂ ਆਪ ਜੀ ਦੇ ਮਨ ਵਿੱਚ ਗੁਰੂ ਦੀ ਖਿੱਚ ਪੈਦਾ ਹੋ ਗਈ।

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਸ੍ਰੀ ਗੁਰੂ ਅਮਰਦਾਸ ਜੀ ਦਾ ਵਿਆਹ ਪਿੰਡ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਵਿੱਚ ਦੇਵੀ ਚੰਦ ਬਹਿਲ ਦੀ ਸਪੁੱਤਰੀ ਰਾਮ ਦੇਈ ਜੀ ਨਾਲ 1502 ਈ. 'ਚ ਹੋਇਆ। ਆਪ ਜੀ ਦੇ ਦੋ ਪੁੱਤਰ ਸਨ (ਮੋਹਣ ਤੇ ਮੋਹਰੀ ਜੀ) ਤੇ ਦੋ ਪੁੱਤਰੀਆਂ (ਬੀਬੀ ਦਾਨੀ ਤੇ ਬੀਬੀ ਭਾਨੀ ਜੀ) ਸਨ। ਗੁਰੂ ਅਮਰਦਾਸ ਜੀ ਸੱਚੇ-ਸੁੱਚੇ ਕਾਰੋਬਾਰੀ ਤੇ ਸਫਲ ਗ੍ਰਹਿਸਥੀ ਹੋਣ ਦੇ ਨਾਲ ਭਜਨ-ਬੰਦਗੀ, ਸਤਿਸੰਗ ਤੇ ਪਰਮਾਰਥ ਨਾਲ ਡੂੰਘੀ ਲਗਨ ਰੱਖਦੇ ਸਨ।

ਬੀਬੀ ਅਮਰੋ ਜੀ ਜੋ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ, ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਭਰਾ ਦੇ ਬੇਟੇ ਨਾਲ ਵਿਆਹੀ ਹੋਈ ਸੀ, ਜੋ ਕਿ ਬਹੁਤ ਹੀ ਧਾਰਮਿਕ ਖਿਆਲਾਂ ਵਾਲੀ ਸੀ। ਨੇਮ ਅਨੁਸਾਰ ਇਕ ਦਿਨ ਬੀਬੀ ਅਮਰੋ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਉਪ੍ਰੰਤ ਦੁੱਧ ਰਿੜਕ ਰਹੇ ਸਨ ਤੇ ਨਾਲ ਹੀ ਮਿਠੀ ਸੁਰ ਵਿੱਚ ਗੁਰਬਾਣੀ ਦਾ ਪਾਠ ਕਰ ਰਹੇ ਸਨ। ਜਿਸ ਸਮੇਂ ਹੇਠ ਲਿਖੀਆਂ ਗੁਰਬਾਣੀ ਦੀਆਂ ਪੰਗਤੀਆਂ ਦਾ ਉਚਾਰਣ ਕਰ ਰਹੇ ਸਨ :

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥
(ਅੰਗ 990)

ਉਸ ਸਮੇਂ ਗੁਰੂ ਅਮਰਦਾਸ ਜੀ ਦਾ ਧਿਆਨ ਉਨ੍ਹਾਂ ਪੰਗਤੀਆਂ ਵੱਲ ਗਿਆ ਤਾਂ ਉਨ੍ਹਾਂ ਦਾ ਮਨ ਸ਼ਾਂਤੀ ਮਹਿਸੂਸ ਕਰਨ ਲੱਗਾ, ਉਹ ਇਕ ਪਾਸੇ

ਬੈਠ ਕੇ ਪਾਠ ਸੁਣਨ ਲੱਗ ਪਏ। ਜਦੋਂ ਬੀਬੀ ਜੀ ਨੇ ਦੁੱਧ ਰਿੜਕ ਲਿਆ, ਤਾਂ ਗੁਰੂ ਜੀ ਨੇ ਪੁਛਿਆ, "ਪੁੱਤਰੀ। ਇਹ ਕਿਸ ਦੀ ਬਾਣੀ ਪੜ੍ਹਦੀ ਹੈ?" ਉਸ ਨੇ ਉੱਤਰ ਦਿੱਤਾ, "ਇਹ ਪਰਮ ਪਵਿੱਤਰ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜਿਨ੍ਹਾਂ ਦੀ ਗੱਦੀ ਤੇ ਇਸ ਵੇਲੇ ਮੇਰੇ ਪਿਤਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਬਿਰਾਜਮਾਨ ਹਨ।" ਇਹ ਉੱਤਰ ਸੁਣ ਕੇ ਮੰਨ ਵਿੱਚ ਦਰਸ਼ਨਾਂ ਦੀ ਤਾਂਘ ਉਠੀ। ਬੀਬੀ ਅਮਰੋ ਤੋਂ ਪਾਠ ਸੁਣਨਾ ਕੁਦਰਤ ਨੇ ਗੁਰੂ ਮਿਲਾਪ ਦਾ ਇਸ ਤਰ੍ਹਾਂ ਵਸੀਲਾ ਬਣਾ ਦਿੱਤਾ। ਬੀਬੀ ਅਮਰੋ ਨੂੰ ਆਪਣੇ ਪਿਤਾ ਜੀ ਨੂੰ ਮਿਲਾਉਣ ਲਈ ਕਿਹਾ। ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਣ ਕਰਨ ਲਈ ਖਡੂਰ ਸਾਹਿਬ ਪਹੁੰਚੇ। ਜਦੋਂ ਸ੍ਰੀ ਗੁਰੂ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਨੂੰ ਮਿਲੇ ਤਾਂ "ਦਰਸ਼ਨ ਭੇਟਤ ਹੋਤ ਨਿਹਾਲਾ" ਦੇ ਵਾਕ ਅਨੁਸਾਰ ਦਰਸ਼ਨ ਕਰਕੇ ਗੱਦ ਗੱਦ ਹੋ ਗਏ। ਆਪ ਜੀ ਨੇ ਬੇਨਤੀ ਕਿ ਸੱਚੇ ਪਾਤਸ਼ਾਹ ਮੈਨੂੰ ਆਪਣੇ ਚਰਨਾਂ 'ਚ ਬੈਠਣ ਤੇ ਸੰਗਤਾਂ ਦੀ ਸੇਵਾ ਦਾ ਸੁਭਾਗ ਬਖਸ਼ੋ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ।

ਸਿੱਖ ਧਰਮ ਵਿੱਚ ਗੁਰੂ ਤੇ ਸੰਗਤ ਦੀ ਸੇਵਾ ਨੂੰ ਰੱਬ ਦੀ ਪ੍ਰਾਪਤੀ ਤੇ ਸ਼ਕਤੀ ਸਾਧਨ ਮੰਨਿਆ ਗਿਆ ਹੈ। ਇਸ ਨਾਲ ਮੰਨ ਨੀਵਾਂ ਤੇ ਮੱਤ ਉੱਚੀ ਹੁੰਦੀ ਹੈ। ਪੁਰਾਤਨ ਸਮੇਂ ਅਨੁਸਾਰ ਸੇਵਾ ਨੂੰ ਨੀਚ ਤੇ ਸ਼ੂਦਰ ਜਾਤੀਆਂ ਦਾ ਕੰਮ ਸਮਝਿਆ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ 12 ਵਰ੍ਹੇ ਲਗਾਤਾਰ ਖਡੂਰ ਸਾਹਿਬ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਬਿਆਸ ਨਦੀ ਤੋਂ ਰੋਜ਼ਾਨਾ ਜਲ ਲਿਆ ਕੇ ਇਸ਼ਨਾਨ ਕਰਵਾਉਣ, ਦਿਨੇ, ਰਾਤ ਲੰਗਰ ਦੀ ਸੇਵਾ ਕਰਨ, ਝਾੜੂ ਦੇਣ, ਭਾਂਡੇ ਮਾਂਜਣ ਤੇ ਪ੍ਰਸ਼ਾਦਾ ਤਿਆਰ ਕਰਕੇ ਸੰਗਤਾਂ ਨੂੰ ਛਕਾਉਣ ਦੀ ਅਤਿ ਕਠਿਨ ਸੇਵਾ ਕੀਤੀ।

ਸ੍ਰੀ ਗੁਰੂ ਅਮਰਦਾਸ ਜੀ ਦੇ ਚੰਗੇ ਗੁਣਾਂ, ਨਿਸ਼ਕਾਮ ਤੇ ਅਦੁਤੀ ਸੇਵਾ ਕਰਨ ਤੇ ਬੇਹੱਦ ਪ੍ਰਸੰਨ ਸਨ। ਇੱਕ ਦਿਨ ਪਿਆਰ 'ਚ ਆਏ ਗੁਰੂ ਅੰਗਦ ਦੇਵ ਜੀ ਨੇ ਆਪਣੇ ਹਜ਼ੂਰੀ ਸੇਵਕਾਂ ਨੂੰ ਕਿਹਾ, ਕਿ ਜਾਉ ਸ੍ਰੀ ਅਮਰਦਾਸ ਜੀ ਨੂੰ ਨਵੇਂ ਬਸਤਰ ਪਹਿਨਾ ਕੇ ਲੈ ਆਓ। ਗੁਰੂ ਜੀ ਨੇ ਦੀਵਾਨ ਵਿੱਚ ਸ੍ਰੀ ਅਮਰਦਾਸ ਜੀ ਨੂੰ ਚੌਂਕੀ 'ਤੇ ਬਿਠਾ ਕੇ ਬਾਬਾ ਬੁੱਢਾ ਜੀ ਦੇ ਹੱਥੋਂ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਗਵਾਇਆ, ਪੰਜ ਪੈਸੇ ਤੇ ਨਾਰੀਅਲ ਰੱਖ ਕੇ ਆਪ ਮੱਥਾ ਟੇਕਿਆ ਤੇ ਪ੍ਰਕਰਮਾਂ ਕੀਤੀਆਂ ਅਤੇ ਬਚਨ ਕੀਤੇ ਕਿ ਇਨ੍ਹਾਂ ਦੀ ਅਦੁੱਤੀ ਘਾਲਣਾ ਥਾਂਏ ਪਈ ਹੈ। ਗੁਰੂ ਅੰਗਦ ਦੇਵ ਜੀ ਦੇ ਆਪਣੇ ਦੋ ਪੁੱਤਰ ਦਾਤੂ ਤੇ ਦਾਸੂ ਸਨ ਪਰ ਗੱਦੀ ਉਨ੍ਹਾਂ ਨੂੰ ਨਹੀਂ ਦਿੱਤੀ ਪਰ ਇਹ ਮਾਣ ਗੁਰੂ ਅਮਰਦਾਸ ਜੀ ਨੂੰ ਬਖਸ਼ਿਆ ਤੇ ਕਿਹਾ ਕਿ ਗੁਰੂ ਅਮਰਦਾਸ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ, ਨਿਗੱਤਿਆਂ ਦੀ ਗੱਤ, ਨਿਪੱਤਿਆਂ ਦੀ ਪੱਤ ਆਦਿ।

● ● ●

ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।

● ● ●

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

ਦੇਸ਼-ਵਿਦੇਸ਼ ਵਸਦੇ ਪੰਜਾਬੀ ਭਾਈਚਾਰੇ ਨੂੰ ਖ਼ਾਲਸਾ ਸਾਜਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

ਦਸਤਾਰ – ਸਿੱਖ ਦਾ ਗੌਰਵ



ਦਸਤਾਰ ਸਿੱਖ ਨੂੰ ਸਤਿਗੁਰਾਂ ਵੱਲੋਂ ਬਖ਼ਸ਼ਿਆਂ ਹੋਇਆ ਮਹਾਨ ਧਾਰਮਿਕ 'ਚਿੰਨ' ਹੈ। ਇਹ ਇਕ ਅਜਿਹਾ ਚਿੰਨ ਹੈ ਜਿਸ ਨੂੰ ਧਾਰਨ ਕਰਕੇ ਹਰ ਸਿੱਖ ਫ਼ਖਰ ਮਹਿਸੂਸ ਕਰਦਾ ਹੈ। ਦਸਤਾਰ ਸਿੱਖ ਦੀ ਧਾਰਮਿਕਤਾ, ਰੂਹਾਨੀਅਤ ਅਤੇ ਇੱਜ਼ਤ ਦੀ ਪ੍ਰਤੀਕ ਹੁੰਦੀ ਹੈ। ਸਿੱਖ ਲਈ ਇਹ ਸਿਰਫ਼ ਚਿੰਨ ਹੀ ਨਹੀਂ ਸਗੋਂ ਉਸ ਦੇ ਸਿਰ ਦਾ ਤਾਜ ਹੈ। ਇਸ ਚਿੰਨ੍ਹ ਨੂੰ ਪਹਿਨਣ ਵਾਲਾ ਖ਼ਾਲਸਾ ਬਣ ਕੇ ਗੁਰੂ ਦਾ ਪੁੱਤਰ ਬਣ ਜਾਂਦਾ ਹੈ ਤੇ ਉਸ ਦੇ ਜਿਹਨ ਵਿਚ ਇਹ ਗੱਲ ਹਮੇਸ਼ਾ ਲਈ ਘਰ ਕਰ ਜਾਂਦੀ ਹੈ ਕਿ ਇਹ ਦਸਤਾਰ ਰੂਪੀ ਤਾਜ ਉਸ ਨੂੰ ਦੇਣ ਲਈ ਅਤੇ ਇਸ ਨੂੰ ਕਾਇਮ ਰੱਖਣ ਲਈ ਉਸ ਦੇ ਗੁਰੂ ਨੇ ਪੂਰੀ ਕੀਮਤ ਆਪਣੇ ਚਾਰ ਪੁੱਤਰਾਂ, ਮਾਤਾ-ਪਿਤਾ, ਬੇਅੰਤ ਸਿੱਖਾਂ ਅਤੇ ਆਪਾ ਵਾਰ ਕੇ ਤਾਰ ਦਿੱਤੀ ਹੈ। ਇਸੇ ਕੀਮਤ ਦਾ ਨਤੀਜਾ ਹੈ ਕਿ ਅੱਜ ਸਾਰੇ ਸੰਸਾਰ ਵਿਚ ਦਸਤਾਰ ਸਜਾਉਣ ਵਾਲੇ ਨੂੰ 'ਸਰਦਾਰ ਜੀ' ਕਹਿ ਕੇ ਸਤਿਕਾਰਿਆ ਤੇ ਬੁਲਾਇਆ ਜਾਂਦਾ ਹੈ। ਇਹ ਦਸਤਾਰ ਹੀ ਹੈ ਜੋ ਇਸ ਨੂੰ ਸਜਾਉਣ ਵਾਲੇ ਨੂੰ ਸਰਦਾਰੀ ਦਾ ਅਹਿਸਾਸ ਕਰਾਉਂਦੀ ਹੈ ਤੇ ਇਸ ਦਸਤਾਰ ਵਿਚੋਂ ਹੀ ਉਸ ਨੂੰ ਆਪਣੇ ਗੁਰੂ ਦੇ ਖਾਸ ਦਰਸ਼ਨ ਹੁੰਦੇ ਹਨ।

ਦਸਤਾਰ ਦੀ ਦਾਸਤਾਨ ਬਹੁਤ ਪੁਰਾਣੀ, ਨਿਵੇਕਲੀ, ਭੇਦ ਭਰੀ ਅਤੇ ਗੌਰਵਮਈ ਵੀ ਹੈ। ਮਨੁੱਖੀ ਲਿਬਾਸ ਵਿਚ ਸ਼ਾਇਦ ਹੀ ਕੋਈ ਹੋਰ ਬਸਤਰ ਇੰਨੀ ਧਾਰਮਿਕ, ਇਤਿਹਾਸਕ, ਸਮਾਜਿਕ, ਮਨੋਵਿਗਿਆਨਕ ਮਹੱਤਤਾ ਰੱਖਦਾ ਹੋਵੇ। ਸ਼ਾਇਦ ਹੀ ਕਿਸੇ ਹੋਰ ਲਿਬਾਸ ਦੇ ਇਤਨੇ ਨਾਮ ਹੋਣ, ਏਨੇ ਪਹਿਨਣ ਦੇ ਢੰਗ ਹੋਣ, ਏਨੇ ਸੰਕੇਤਕ ਅਰਥ ਹੋਣ ਜਾਂ ਕਿਸੇ ਲਿਬਾਸ ਨੂੰ ਜਿੰਦਾ ਰਹਿਣ ਲਈ ਇੰਨਾ ਸੰਘਰਸ਼ ਕਰਨਾ ਪਿਆ ਹੋਵੇ। ਪੱਗ ਨੂੰ ਫ਼ਾਰਸੀ ਵਿਚ ਦੁਲਬੰਦ, ਤੁਰਕੀ ਵਿਚ ਤਾਰਬੁਸ਼, ਅੰਗਰੇਜ਼ੀ ਵਿਚ ਟਰਬਨ, ਫਰਾਂਸੀਸੀ ਵਿਚ ਟਬੰਦ ਜਾਂ ਟੁਰਬੋ, ਜਰਮਨੀ, ਸਪੇਨ, ਪੁਰਤਗੇਜੀ ਅਤੇ ਇਟਾਲਵੀ ਵਿਚ ਟਰਬਾਂਦੇ, ਰੂਮਾਨੀ ਵਿਚ ਤੁਲੀਪਾਨ, ਈਰਾਨੀ ਵਿਚ ਸੁਰਬੰਦ ਅਤੇ ਮਲਾਈ ਵਿਚ ਸਰਬਾਨ ਕਿਹਾ ਜਾਂਦਾ ਹੈ। ਅਸਲ ਵਿਚ ਪੰਜਾਬੀ ਦਾ ਸ਼ਬਦ ਦਸਤਾਰ ਫ਼ਾਰਸੀ ਦੇ ਲਫ਼ਜ਼ ਦੁਲਬੰਦ ਤੋਂ ਅਤੇ ਦੁਲਬੰਦ ਤਾਰਬੁਸ਼ ਤੋਂ ਪੈਦਾ ਹੋਇਆ ਹੈ। ਵੱਖਰੇ-ਵੱਖਰੇ ਖੋਜ ਸਾਧਨਾਂ ਤੋਂ ਪਤਾ ਚੱਲਦਾ ਹੈ ਕਿ ਪੱਗੜੀ ਈਸਾ ਮਸੀਹ ਤੋਂ ਹਜ਼ਾਰਾਂ ਸਾਲ ਪਹਿਲਾਂ ਬੱਝਣੀ ਸ਼ੁਰੂ ਹੋ ਗਈ ਸੀ। ਇਸਾਈ ਧਰਮ ਦੀ ਧਾਰਮਿਕ ਪੁਸਤਕ ਬਾਈਬਲ ਵਿਚ ਪੱਗ ਬੰਨ੍ਹਣ ਦਾ ਜ਼ਿਕਰ ਬਹੁਤ ਵਾਰ ਆਉਂਦਾ ਹੈ। ਈਸਾ ਮਸੀਹ ਤੋਂ ਪਹਿਲਾਂ ਯਹੂਦੀ ਅਤੇ ਇਸਰਾਇਲੀ ਲੋਕ ਵੀ ਪੱਗਾਂ ਸਜਾਉਂਦੇ ਸਨ। ਬਪਤਿਸਮੇ ਅਤੇ ਰਾਜ ਗੱਦੀ ਦੇ ਸਮੇਂ ਪੱਗ ਬੰਨ੍ਹਣੀ ਲਾਜ਼ਮੀ ਸੀ।

ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਆਪ ਵੀ ਪੱਗ ਬੰਨ੍ਹਦੇ ਸਨ। ਇਕ ਹਦੀਸ ਅਨੁਸਾਰ ਜਦੋਂ ਸਵਰਗ ਵਿਚੋਂ ਬਾਬੇ ਆਦਮ ਨੂੰ ਕੱਢਿਆ ਗਿਆ ਤੇ ਉਸ ਨੂੰ ਧਰਤੀ ਤੇ ਭੇਜਿਆ ਗਿਆ ਤਾਂ ਉਸ ਸਮੇਂ ਉਸਦੇ ਸਿਰ ਤੇ ਪੱਗ ਬੰਨੀ ਹੋਈ ਸੀ। ਕਈ ਹਦੀਸਾਂ ਅਨੁਸਾਰ ਪੈਗੰਬਰ ਮੁਹੰਮਦ ਸਾਹਿਬ ਨੇ ਫੁਰਮਾਨ ਕੀਤਾ ਸੀ ਕਿ ਮੁਸਲਮਾਨ ਪੱਗ ਬੰਨਣ ਕਿਉਂਕਿ ਫਰਿਸ਼ਤੇ ਵੀ ਪੱਗ ਬੰਨਦੇ ਹਨ। ਮੁਸਲਿਮ ਧਰਮ ਜਿੱਥੇ-ਜਿੱਥੇ ਵੀ ਫੈਲਿਆ ਪੱਗ ਲਿਬਾਸ ਦਾ ਹਿੱਸਾ ਬਣਦੀ ਰਹੀ। ਇਲਸਾਇਕਲੋਪੀਡੀਆ ਆਫ਼ ਇਸਲਾਮ (ਸਫ਼ਾ 94) ਅਨੁਸਾਰ ਤੁਰਕੀ, ਸੀਰੀਆ, ਮਿਸਰ ਆਦਿ ਦੇਸ਼ਾਂ ਵਿਚ ਪੱਗ ਦਾ ਬਹੁਤ ਸਤਿਕਾਰ ਸੀ। ਲੜਕੀਆਂ ਦੀ ਸ਼ਾਦੀ ਤੇ ਹੋਰ ਸੌਗਾਤਾਂ ਦੇ ਨਾਲ ਪੱਗ ਵੀ ਸੌਗਾਤ ਵਜੋਂ ਭੇਂਟ ਕੀਤੀ ਜਾਂਦੀ ਸੀ। ਕਈ ਮੁਸਲਮਾਨ ਜਦੋਂ ਆਪਣੇ ਬਾਦਸ਼ਾਹਾਂ ਨੂੰ ਦਫਨ ਕਰਦੇ ਸਨ ਤਾਂ ਉਹਨਾਂ ਦੀਆਂ ਕਬਰਾਂ ਵਿਚ ਪੱਗਾਂ ਵੀ ਰੱਖੀਆਂ ਜਾਂਦੀਆਂ ਸਨ। ਜਦੋਂ ਮੁਸਲਮਾਨ ਹੱਜ ਤੇ ਜਾਂਦੇ ਹਨ ਤਾਂ ਉਹ ਪੱਗ ਬੰਨ੍ਹ ਕੇ ਜਾਣਾ ਚੰਗਾ ਸਮਝਦੇ ਹਨ।

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਭਾਰਤ ਦੇ ਪ੍ਰਾਚੀਨ ਗ੍ਰੰਥਾਂ ਵਿਚ ਪੱਗੜੀ ਦਾ ਜ਼ਿਕਰ ਮਿਲਦਾ ਹੈ। ਪੁਰਾਤਨ ਕਾਲ ਵਿਚ ਰਾਜੇ ਮਹਾਰਾਜੇ ਪੱਗੜੀ ਧਾਰਨ ਕਰਦੇ ਸਨ ਜੋ ਉਹਨਾਂ ਦੀ ਸ਼ਾਨ ਅਤੇ ਉਚਤਤਾ ਦੀ ਨਿਸ਼ਾਨੀ ਮੰਨੀ ਜਾਂਦੀ ਸੀ। ਧਾਰਮਿਕ ਕਾਰਜਾਂ ਵਿਚ ਪੱਗੜੀ ਦਾ ਵਿਸ਼ੇਸ਼ ਮਹੱਤਵ ਸੀ। ਪ੍ਰੋਫੈਸਰ ਹਰਬੰਸ ਸਿੰਘ ਸੰਪਾਦਤ ਇਨਸਾਈਕਲੋਪੀਡੀਆ ਆਫ਼ ਸਿਖਇਜ਼ਮ ਅਨੁਸਾਰ ਅਜੰਤਾ ਦੀਆਂ ਗੁਫ਼ਾਵਾਂ ਅਤੇ ਸਾਚੀ ਗੇਟ (150 ਬੀ.ਸੀ.) ਤੋਂ ਅਨੁਮਾਨ

ਲੱਗਦਾ ਹੈ ਕਿ ਭਾਰਤ ਵਿਚ ਪੱਗੜੀ ਦਾ ਇਤਿਹਾਸ ਬਹੁਤ ਪੁਰਾਣਾ ਹੈ। ਡਾ. ਗੌਤਮ ਚੈਟਰਜੀ ਦੀ ਖੋਜ ਅਨੁਸਾਰ ਪੱਗੜੀ ਦੁਨੀਆਂ ਨੂੰ ਭਾਰਤ ਦੀ ਹੀ ਦੇਣ ਹੈ। ਇਸ ਦੇ ਪੁਰਾਣੇ ਪ੍ਰਮਾਣ ਭਰਹੂਤ, ਭੱਜਾ, ਬੋਧ ਗਯਾ, ਸਾਂਚੀ, ਮਥੁਰਾ ਅਤੇ ਮਹਾਬਲੀਪੁਰਮ ਸਥਾਨਾਂ ਦੇ ਪੱਥਰ ਚਿੱਤਰਾਂ ਅਤੇ ਮੂਰਤੀਆਂ ਤੋਂ ਪੁਰਾਤਤਵ ਵਿਭਾਗ ਨੇ ਲੱਭੇ ਹਨ। ਬਾਨਭੱਟ ਦੀ ਪੁਸਤਕ 'ਕਦੰਬਰੀ' ਵਿਚ ਵੀ ਪੱਗੜੀ ਦਾ ਜ਼ਿਕਰ ਹੈ। ਬੰਗਾਲ, ਮਦਰਾਸ, ਬੰਬਈ, ਗੁਜਰਾਤ ਅਤੇ ਰਾਜਸਥਾਨ ਵਿਚ ਪੱਗੜੀ ਬੰਨਣ ਦੇ ਆਪਣੇ-ਆਪਣੇ ਵੱਖੋ-ਵੱਖਰੇ ਤਰੀਕੇ ਹਨ। ਜੋ ਪੰਜਾਬ ਦੀ ਪੱਗੜੀ ਦੇ ਮੁਕਾਬਲੇ ਉਪਰੀ ਜਿਹੀ ਹੀ ਲੱਗਦੀ ਹੈ। ਜਿਵੇਂ ਮਾਰਵਾੜੀਆਂ ਦੀ ਪੱਗ ਮਰਾਠਿਆਂ ਨਾਲ ਨਹੀਂ ਮਿਲਦੀ। ਟੀਪੂ ਸੁਲਤਾਨ ਵਾਲੀ ਮਰਾਠਿਆਂ ਦੀ ਪੱਗ ਵਿਚੋਂ ਕੰਨ ਨੰਗੇ ਰਹਿੰਦੇ ਹਨ ਅਤੇ ਮਾਰਵਾੜੀ ਮਰੋੜੀਆਂ ਦੇ ਕੇ ਵਿੰਗੇ ਟੇਢੇ ਢੰਗ ਨਾਲ ਲਪੇਟਦੇ ਹਨ। ਰਾਜਸਥਾਨੀ ਸ਼ਮਲੇਦਾਰ ਪੱਗ ਟੇਢੀ ਕਰਕੇ ਬੰਨੀ ਜਾਂਦੀ ਹੈ। ਇਕ ਅੰਗਰੇਜ਼ ਵਿਦਵਾਨ ਅਨੁਸਾਰ ਪੂਰਬੀ ਮੁਲਕਾਂ ਵਿਚ ਪੱਗ ਬੰਨਣ ਦੇ ਲਗਭਗ 1000 ਤਰੀਕੇ ਹਨ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਤਾਰ ਦੇ ਮਹੱਤਵ ਨੂੰ ਮੁੜ ਸਥਾਪਿਤ ਕੀਤਾ। ਗੁਰੂ ਜੀ ਨੇ ਵਿਅਕਤੀ ਦੀ ਸਮਾਜਿਕ ਪੱਤ ਦੀ ਬਜਾਏ, ਪਰਮਾਤਮਾ ਦੇ ਦਰਬਾਰ ਵਿਚ ਪੱਤ ਕਾਇਮ ਰੱਖਣ ਦੀ ਗੱਲ ਕੀਤੀ। ਗੁਰੂ ਜੀ ਨੇ ਆਪ ਆਪਣੇ ਸਿਰ 'ਤੇ ਦਸਤਾਰ ਸਜਾਈ। ਇਸ ਬਾਰੇ ਕਵੀ ਸੰਤੋਖ ਸਿੰਘ ਚੁੜਾਮਣੀ ਨੇ 'ਸ੍ਰੀ ਨਾਨਕ ਪ੍ਰਕਾਸ਼' ਵਿਚ ਜ਼ਿਕਰ ਕੀਤਾ ਹੈ ਕਿ

''ਜਲ ਲੋਚਨ ਕੰਜ ਬਿਸਾਲ ਭਲੇ ਸਿਰ ਪੈ ਊਸ਼ਨੀਕੀਹ ਨੀਕ ਬਨ੍ਹਾਈ
ਚਟਸਾਰ ਜਹਾਂ ਅਤਿ ਚਾਰੁ ਬਨੀ ਬਹੁ ਬਾਰਿਕ ਬਾਰਿਹ ਬਾਰ ਅਲਾਈ।''

ਗੁਰੂ ਨਾਨਕ ਦੇਵ ਜੀ ਨੇ ਬਿਨਾਂ ਕਿਸੇ ਡਰ, ਭੈ, ਹਰ ਤਰ੍ਹਾਂ ਦੇ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਗ਼ੁਲਾਮੀ ਦੀ ਜ਼ਿੰਦਗੀ ਭੋਗ ਰਹੇ ਲੋਕਾਂ ਨੂੰ ਝੰਝੋੜਣ ਲਈ ਫੁਰਮਾਇਆ।

''ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਮ ਜੇਤਾ ਕਿਛੁ ਖਾਇ॥''

ਗੁਰੂ ਨਾਨਕ ਸਾਹਿਬ ਜੀ ਤੋਂ ਬਾਅਦ ਬਾਕੀ ਗੁਰੂਆਂ ਨੇ ਵੀ ਆਪਣੇ ਸੀਸ ਤੇ ਸੋਹਣੀਆਂ ਦਸਤਾਰਾਂ ਸਜਾਈਆਂ। ਸ੍ਰੀ ਗੁਰੂ ਅੰਗਦ ਦੇਵ ਜੀ ਆਪਣੇ ਪ੍ਰਮੁੱਖ ਸੇਵਕਾਂ ਨੂੰ ਆਪ ਸਿਰੋਪਾਉ ਦੇ ਰੂਪ ਵਿਚ ਦਸਤਾਰਾਂ ਬਖਸ਼ਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੂੰ ਬਾਰਾਂ ਸਾਲ ਸਿਰੋਪਾਉ ਮਿਲਦੇ ਰਹੇ ਅਤੇ ਬਾਅਦ ਵਿਚ ਉਹਨਾਂ ਨੂੰ ਅਕਾਲ ਪੁਰਖ ਦੇ ਦਰ ਪਰਵਾਨ ਦੇਖ ਗੁਰੂ ਜੀ ਨੇ ਗੁਰਗੱਦੀ ਬਖ਼ਸ਼ੀ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਫ਼ੁਰਮਾਇਆ ਹੈ ਕਿ ਪ੍ਰਭੂ ਦੇ ਦਰ ਸਾਬਤ ਸੂਰਤਿ ਰਹਿ ਕੇ ਦਸਤਾਰ ਦੀ ਸ਼ੋਭਾ ਪ੍ਰਾਪਤ ਕਰ ਅਤੇ ਜੀਵਨ ਵਿਚ ਵਿਕਾਰਾਂ ਦੀ ਥਾਂ ਰੱਬੀ ਰੰਗ ਤਮਾਸੇ ਮਾਣ, ਵਿਕਾਰਾਂ ਵਿਚ ਲੀਨ ਹੋ ਰਹੇ ਮਨ ਨੂੰ ਪਵਿੱਤਰ ਕਰਨ ਦਾ ਯਤਨ ਕਰ ਅਤੇ ਜੀਵਨ ਸਫਲਾ ਕਰ। ਉਹਨਾਂ ਨੇ ਫ਼ੁਰਮਾਇਆ ਹੈ –

ਕਾਇਆ ਕਿਰਦਾਰ ਅਉਰਤ ਯਕੀਨਾ॥
ਰੰਗ ਤਮਾਸੇ ਮਾਣਿ ਹਕੀਨਾ॥
ਨਾਪਾਰ ਪਾਕੁ ਕਰਿ ਹਦੂਰਿ ਹਦੀਸਾ॥
ਸਾਬਤ ਸੂਰਤਿ ਦਸਤਾਰ ਸਿਰਾ॥

ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਲਿਖਾਰੀ ਮੋਹਸਿਨ ਫਾਨੀ ਲਿਖਦਾ ਹੈ ਕਿ ਜਦੋਂ ਗੁਰੂ ਜੀ ਵੱਲੋਂ ਥਾਪੇ ਮਸੰਦ ਵਿਸਾਖੀ ਜਾਂ ਹੋਰ ਜੋੜ ਮੇਲੇ ਤੇ ਗੁਰੂ ਜੀ ਪਾਸ ਇਕੱਠੇ ਹੁੰਦੇ ਤਾਂ ਵਿਦਾਇਗੀ ਵੇਲੇ ਗੁਰੂ ਜੀ ਉਹਨਾਂ ਨੂੰ ਦਸਤਾਰ ਰੂਪੀ ਬਖ਼ਸ਼ਿਸ਼ ਦਿੰਦੇ।

''ਦਰ ਹੰਗਾਮੇ ਰੁਖਸਤ ਹਰ ਕਦਮੇ,
ਅਜ ਸਮੰਦਾ ਹਾ ਗੁਰੂ ਦਸਤਾਰ-ਇ-ਆਨਾਇਦ ਕੁਨੰਦ।''

(ਕਥਾ ਪੁਰਾਤਨ ਇਉਂ ਸੁਣੀ-ਪੰਨਾ ੪)

ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਬਹੁਤ ਸੁੰਦਰ ਦਸਤਾਰ ਸਜਾਉਂਦੇ ਸਨ। ਇਸ ਦਾ ਪ੍ਰਮਾਣ ਉਹਨਾਂ ਦੇ ਦਰਬਾਰ ਦੇ ਢਾਡੀ ਨੱਥਾ ਮੱਲ ਅਤੇ ਅਬਦੁਲਾ ਢਾਡੀ ਦੀ ਵਾਰ ਵਿਚੋਂ ਮਿਲਦਾ ਹੈ। ਜਿਸ ਵਿਚ ਉਹਨਾਂ ਨੇ ਮੌਕੇ ਦੇ ਮੁਗਲ ਬਾਦਸ਼ਾਹ ਦੀ ਪੱਗ ਨੂੰ ਗੁਰੂ ਦੀ ਪੱਗ ਸਾਹਮਣੇ ਮਾਮੂਲੀ ਕਿਹਾ।

ਦੋ ਤਲਵਾਰੀ ਬੱਧੀਆਂ, ਇਕ ਮੀਰ ਦੀ ਇਕ ਪੀਰ ਦੀ।
ਇਕ ਅਜਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ ਬਖੀਰ ਦੀ।
ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਹੈ ਤਮੀਰ ਦੀ।
ਪੱਗ ਤੇਰੀ, ਕੀ ਜਹਾਂਗੀਰ ਦੀ।

ਗੁਰੂ ਜੀ ਦੀ ਦਸਤਾਰ ਬਾਦਸ਼ਾਹ ਦੀ ਪੱਗੜੀ ਨਾਲੋਂ ਕਿਉਂ ਚੰਗੀ ਸੀ? ਇਸ ਦੇ ਦੋ ਕਾਰਨ ਹਨ। ਪਹਿਲਾ ਸਤਿਗੁਰੂ ਸਦੀਵੀ ਤਖ਼ਤ ਅਕਾਲ ਤਖ਼ਤ ਦੇ ਸੁਆਮੀ ਸਨ ਅਤੇ ਬੇਅੰਤ ਸ਼ਰਧਾਲੂ ਉਹਨਾਂ ਨੂੰ ਸੱਚਾ ਪਾਤਸ਼ਾਹ ਕਹਿੰਦੇ ਸਨ। ਉਨ੍ਹਾਂ ਨੂੰ ਆਪਣੇ ਮਨ ਦੇ ਤਖ਼ਤ ਉੱਪਰ ਸਤਿਕਾਰ ਸਾਹਿਤ ਬਿਠਾ ਕੇ ਸਮੇਂ ਦੇ ਬਾਦਸ਼ਾਹਾਂ ਨਾਲੋਂ ਕਿਤੇ ਵੱਧ ਸਨਮਾਨ ਦਿੰਦੇ ਸਨ। ਦੂਜਾ ਗੁਰ ਜੀ ਦੀ ਦਸਤਾਰ ਬਾਦਸ਼ਾਹ ਦੀ ਦਸਤਾਰ ਵਾਂਗੂ ਕਿਸੇ ਦੇ ਹੱਥ ਦੀ ਬੰਨ ਕੇ ਸਿਰ ਉਪਰ ਨਹੀਂ ਸੀ ਰੱਖੀ ਹੁੰਦੀ ਸਗੋਂ ਸਤਿਗੁਰੂ ਆਪਣੇ ਹੱਥੀਂ ਆਪ ਬੜੀ ਰੀਝ ਨਾਲ ਦਸਤਾਰ ਸਜਾਉਂਦੇ ਸਨ। ਛੇਵੇਂ ਪਾਤਸ਼ਾਹ ਤੋਂ ਬਾਅਦ ਦੇ ਗੁਰੂਆਂ ਨੇ ਵੀ ਸ਼ਾਹੀ ਠਾਠ-ਬਾਠ ਵਾਲਾ ਪਹਿਰਾਵਾ ਧਾਰਨ ਕੀਤਾ ਅਤੇ ਸੁੰਦਰ ਦਸਤਾਰ ਵੀ ਸਜਾਈ ਕਿਉਂਕਿ ਗੁਰੂ ਦੀ ਗੱਦੀ, ਰੱਬੀ ਬਾਦਸ਼ਾਹਤ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਰ ਤੇ ਸਜੀ ਹੋਈ ਪੱਗ ਕਿਸੇ ਹੋਰ ਧਰਮ ਦੀ ਪੱਗ ਬਚਾਉਣ ਲਈ ਚਾਂਦਨੀ ਚੌਂਕ ਵਿਚ ਆਪਣੀ ਅਣਖ ਵਿਖਾ ਗਈ। ਪਿਤਾ ਜੀ ਦੀ ਸ਼ਹੀਦੀ ਵੇਲੇ ਕੋਈ ਸਿੱਖ ਅੱਗੇ ਆਉਣ ਦੀ ਬਹਾਦਰੀ ਨਾ ਕਰ ਸਕਿਆ, ਜੋ ਹਾਜ਼ਰ ਸਨ ਉਹ ਵੀ ਭੀੜ ਵਿਚ ਰਲ ਰਹੇ ਤਾਂ ਬਾਲ ਦਸਮ ਪਾਤਸ਼ਾਹ ਦੇ ਮਨ ਵਿਚ ਸਿੱਖ ਨੂੰ ਵੱਖਰਾ ਸਰੂਪ ਅਤੇ ਪਹਿਰਾਵਾ ਦੇਣ ਦੇ ਅਮਲ ਦਾ ਬੀਜ ਉਦੋਂ ਹੀ ਪੁੰਗਰਿਆ ਹੋਵੇਗਾ।

ਇਸ ਬਿਧ ਕੋ ਅਬ ਪੰਥ ਬਣਾਵੋ।
ਸਗਲ ਜਗਤ ਮੈਂਹਿ ਬਹੁ ਬਿਦਤਾਵੋ।
ਲਖਹੁੰ ਜਗ ਕੇ ਨਰ ਕਿ ਥਾਇ
ਤਿਨ ਮਹਿ ਮਿਲੇ ਇਕ ਸਿੱਖ ਨਾਇ।
ਸਭ ਮੈਂ ਪ੍ਰਥਕ ਪਛਾਨਬੋ ਪਰੈ।
ਰਲੈ ਨ ਕਭਹੂੰ ਕੈ ਸਿਰੇ ਕਰੇ। (ਸੂਰਜ ਪ੍ਰਕਾਸ਼)

1675 ਤੋਂ 1699 ਦੀ ਵਿਸਾਖੀ ਤੱਕ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ 24 ਸਾਲ ਸਿੱਖ ਨੂੰ ਸਿੰਘ ਬਨਾਉਣ ਵੇਲੇ ਦਿੱਤੇ ਜਾਣ ਵਾਲੇ ਸਰੂਪ ਬਾਰੇ ਜ਼ਰੂਰ ਸਾਰੇ ਪੱਖਾਂ ਤੋਂ ਸੋਚ ਵਿਚਾਰ ਕਰਦੇ ਰਹੇ ਹੋਣਗੇ। ਹੋ

ਸਕਦਾ ਹੈ ਉਹਨਾਂ ਦੇ ਜਿਹਨ ਵਿਚ ਵੱਖ-ਵੱਖ ਤਰ੍ਹਾਂ ਦੇ ਸਰੂਪਾਂ ਬਾਰੇ ਵਿਚਾਰ ਆਏ ਵੀ ਹੋਣ। 24 ਸਾਲ ਦੀ ਵਿਚਾਰ ਤੋਂ ਬਾਅਦ ਦਸਮ ਪਾਤਸ਼ਾਹ ਨੂੰ ਕੋਈ ਸਰੂਪ ਵੀ ਆਪਣੇ ਸ਼ੇਰ ਪੁੱਤਰ ਖ਼ਾਲਸੇ ਲਈ ਜਦ ਪਸੰਦ ਨਹੀਂ ਆਇਆ ਹੋਵੇਗਾ ਤਾਂ ਗੁਰੂ ਜੀ ਨੇ ਖ਼ਾਲਸੇ ਨੂੰ ਆਪਣਾ ਖੁਦ ਦਾ ਹੀ ਸਰੂਪ ਦੇਣ ਦਾ ਮਹਾਨ ਪਰਉਪਕਾਰੀ, ਇਤਿਹਾਸਕ ਅਤੇ ਅਪਣਤ ਨਾਲ ਭਰਿਆ ਫੈਸਲਾ ਲੈ ਲਿਆ ਹੋਵੇਗਾ। ਵੱਖ-ਵੱਖ ਧਰਮਾਂ ਦੇ ਮੋਢੀਆਂ ਦੇ ਅਤੇ ਉਹਨਾਂ ਦੇ ਪੈਰੋਕਾਰਾਂ ਦੇ ਸਰੂਪਾਂ ਤੇ ਝਾਤੀ ਮਾਰੀਏ ਤਾਂ ਖ਼ਾਲਸੇ ਲਈ ਗੁਰੂ ਦਾ ਮਹਾਨ ਪਿਆਰ ਸਾਫ਼-ਸਾਫ਼ ਝਲਕਦਾ ਹੈ। ਪੈਗੰਬਰ ਮੁਹੰਮਦ ਸਾਹਿਬ ਦੇ ਸਿਰ ਅਤੇ ਦਾੜੀ ਦੇ ਵਾਲ ਲੰਮੇ ਸਨ। ਉਹਨਾਂ ਦੇ ਪਵਿੱਤਰ ਵਾਲ ਕਈ ਮਸਜਿਦਾਂ ਵਿਚ ਅੱਜ ਵੀ ਸੰਭਾਲ ਕੇ ਰੱਖੇ ਹੋਏ ਹਨ ਪ੍ਰੰਤੂ ਉਹਨਾਂ ਦੇ ਪੈਰੋਕਾਰ ਲੰਮੇ ਵਾਲ ਨਹੀਂ ਰੱਖਦੇ। ਹਜਰਤ ਈਸਾ ਜੀ ਦੇ ਚਿੱਤਰਾਂ ਵਿਚ ਉਹਨਾਂ ਦੇ ਸਿਰ ਤੇ ਦਾੜੀ ਦੇ ਲੰਮੇ ਵਾਲ ਹਨ ਪ੍ਰੰਤੂ ਉਹਨਾਂ ਆਪਣੇ ਪੈਰੋਕਾਰਾਂ ਨੂੰ ਆਪਣਾ ਸਰੂਪ ਨਹੀਂ ਦਿੱਤਾ। ਸਭ ਈਸਾਈ ਸਿਰ ਦੇ ਵਾਲ ਕਟਦੇ ਹਨ ਅਤੇ ਦਾੜੀਆਂ ਸੇਵ ਕਰਦੇ ਹਨ। ਹਿੰਦੂ ਦੇਵਤਿਆਂ ਦੀਆਂ ਮੂਰਤੀਆਂ ਵਿਚ ਸ਼ਿਵ ਜੀ, ਰਾਮ ਚੰਦਰ ਜੀ ਦੇ ਸਿਰ ਤੇ ਲੰਮੇ ਵਾਲ ਰੱਖੇ ਦਿਸਦੇ ਹਨ ਪ੍ਰੰਤੂ ਉਹਨਾਂ ਦਾ ਉਹ ਸਰੂਪ ਉਹਨਾਂ ਨੂੰ ਮੰਨਣ ਵਾਲਿਆਂ ਪਾਸ ਨਹੀਂ ਹੈ। ਕਿਸੇ ਵੀ ਪੈਗੰਬਰ ਨੇ ਆਪਣਾ ਖੁਦ ਦਾ ਸਰੂਪ ਆਪਣੇ ਪੈਰੋਕਾਰਾਂ ਨੂੰ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ। ਇਹ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਮਹਾਨ ਕ੍ਰਿਪਾਲੂ ਦ੍ਰਿਸ਼ਟੀ ਸੀ ਕਿ ਉਹਨਾਂ ਨੇ ਆਪਣਾ ਖੁਦ ਦਾ ਸਰੂਪ ਹੀ ਆਪਣੇ ਪੁੱਤਰ ਖ਼ਾਲਸੇ ਨੂੰ ਦੇ ਦਿੱਤਾ। ਜਿਹੋ ਜਿਹਾ ਗੁਰੂ ਪਿਤਾ ਦਾ ਸਰੂਪ ਉਹੋ ਜਿਹਾ ਹੀ ਪੁੱਤਰ ਖ਼ਾਲਸੇ ਦਾ ਸਰੂਪ। ਉਹਨਾਂ ਨੇ ਪੰਜ ਕਕਾਰਾਂ ਵਿਚ ਅਹਿਮ ਕੇਸ ਰੱਖਣੇ ਲਾਜ਼ਮੀ ਕੀਤੇ ਜਿਨ੍ਹਾਂ ਨੂੰ ਸਤਿਕਾਰ ਨਾਲ ਸੰਭਾਲਣ ਲਈ ਪੱਗ ਜਾਂ ਦਸਤਾਰ ਜ਼ਰੂਰੀ ਸੀ। ਭਾਈ ਨੰਦ ਲਾਲ ਜੀ ਨੇ ਆਪਣੇ ਤਨਖਾਹਨਾਮੇ ਵਿਚ ਲਿਖਿਆ ਹੈ – **''ਕੰਘਾ ਦੋਨਉ ਵਕਤ ਕਰ, ਪਗ ਚੁਨਿਹ ਕਰ ਬਾਂਧਈ।''**



ਰਹਿਤਨਾਅ ਭਾਈ ਚਾਉਪਾ ਸਿੰਘ ਅਨੁਸਾਰ ਸਿੱਖ ਮੈਲੀ ਕੁਚੈਲੀ ਬਾਸੀ ਦਸਤਾਰ ਨਾ ਸਜਾਵੈ।

''ਜੋ ਪੱਗ ਨੂੰ ਬਾਸੀ ਰੱਖੈ ਸੋ ਤਨਖਾਹੀਆ''

(ਰਹਿਤਨਾਮਾ ਭਾਈ ਚਾਉਪਾ ਸਿੰਘ)

ਭਾਈ ਦਯਾ ਸਿੰਘ ਨੇ ਤਾਂ ਪੱਗ ਲੱਥੇ ਦੀ ਸੰਗਤ ਤੋਂ ਵੀ ਮਨਾ ਕੀਤਾ ਹੈ

''ਗੁਰੂ ਕਾ ਸਿੰਘ ਪੱਗ ਲੱਥੇ ਦੀ ਸੰਗਤ ਨਾ ਕਰੇ''

ਸਿੱਖ ਨੂੰ ਟੋਪੀ ਸਿਰ ਤੇ ਪਹਿਨਣ ਦੀ ਸਖ਼ਤ ਵਰਜਣਾ ਹੈ।

''ਟੋਪੀ ਵਾਲੇ ਦੇ ਕੇਸਾਧਾਰੀ ਪੈਰੀ ਪਵੇ, ਸੋ ਤਨਖਾਹੀਆ।
ਟੋਪੀ ਵਾਲੇ ਦਾ ਜੂਠਾ ਖਾਏ, ਸੋ ਤਨਖਾਹੀਆ ਹੋਇ ਸਿਖ ਸਿਰ ਟੋਪੀ ਧਰੇ,
ਸਾਤ ਜਨਮ ਹੋਇ ਕੁਸ਼ਟੀ ਮਰੇ ਟੋਪੀ ਦੇਖਿ ਨਿਵਾਵਹਿ ਸੀਸ
ਸੋ ਸਿੱਖ ਨਰਕੀ ਬਿਸੈ ਬੀਸ।''

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

ਦਸਤਾਰ ਸਿੱਖ ਦੀ ਇੱਜ਼ਤ ਆਬਰੂ ਦਾ ਪ੍ਰਤੀਕ ਹੈ। ਸਿੱਖ ਦੀ ਸ਼ਾਨ ਹੈ। ਸਿੱਖ ਦੀ ਵਿਰਾਸਤ ਹੈ। ਬੜਾ ਦੁੱਖ ਹੈ ਕਿ ਅੱਜ ਦਾ ਸਿੱਖ ਨੌਜਵਾਨ ਇਸ ਸ਼ਾਨ, ਅਣਖ ਅਤੇ ਕੁਰਬਾਨੀਆਂ ਭਰੀ ਵਿਰਾਸਤ ਤੋਂ ਦੂਰ ਹੁੰਦਾ ਜਾ ਰਿਹਾ ਹੈ। ਬੇਸਮਝੀ ਕਾਰਨ ਸਿੱਖ ਨੌਜਵਾਨ ਆਪਣੇ ਗੌਰਵਮਈ ਇਤਿਹਾਸ ਤੋਂ ਅਣਜਾਣ ਹੋ ਕੇ ਕੇਸਾਂ ਦੀ ਬੇਅਦਬੀ ਕਰ ਰਿਹਾ ਹੈ। ਪਤਿਤਪੁਣੇ ਦੀ ਹਨੇਰੀ ਗੁਰ ਸਿੱਖੀ ਦੇ ਬਾਗ ਨੂੰ ਉਜਾੜ ਰਹੀ ਹੈ। ਪੱਛਮੀ ਸੱਭਿਅਤਾ ਦੀ ਫਰੇਬ ਭਰੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਸਿੱਖ ਬੱਚੇ ਕੇਸਾਂ ਅਤੇ ਦਸਤਾਰ ਨੂੰ ਤਿਲਾਂਜਲੀ ਦੇ ਕੇ ਗ਼ੁਲਾਮੀ ਦੀ ਨਿਸ਼ਾਨੀ ਟੋਪੀ ਪਹਿਣਦੇ ਹਨ। ਆਪਣੇ ਅਮੀਰ ਵਿਰਸੇ ਨੂੰ ਭੁਲਾ ਕੇ ਬਿਨਾਂ ਸੋਚੇ ਸਮਝੇ ਦੂਜਿਆਂ ਦੀ ਗ਼ੁਲਾਮੀ ਕਰਨਾ ਸਿਆਣਪ ਨਹੀਂ ਸਗੋਂ ਮਾਨਸਿਕ ਗ਼ੁਲਾਮੀ ਦੀ ਨਿਸ਼ਾਨੀ ਹੈ। ਸਿੱਖ ਆਜ਼ਾਦ ਤਬੀਅਤ ਦਾ ਮਾਲਕ ਹੈ ਜੋ ਗ਼ੁਲਾਮੀ ਅਤੇ ਗ਼ੁਲਾਮੀ ਦੇ ਚਿੰਨਾਂ ਨੂੰ ਕਦਾਚਿਤ ਵੀ ਬਰਦਾਸ਼ਤ ਨਹੀਂ ਕਰ ਸਕਦਾ। ਸਿੱਖ ਨੌਜਵਾਨੋ ਸੋਚੋ ਕਿ ਸਾਡੇ ਗੁਰੂਆਂ ਨੇ ਸਾਡੇ ਵਿਚ ਅਣਖ ਅਤੇ ਗ਼ੈਰਤ ਦਾ ਜਜ਼ਬਾ ਭਰਨ ਲਈ ਕੀ ਕੁਝ ਨਹੀਂ ਕੀਤਾ? ਗ਼ੁਲਾਮੀ ਨੂੰ ਨਕਾਰ ਕੇ ਅਣਖ ਨਾਲ ਜੀਣਾ ਸਾਡੇ ਵਿਰਸੇ ਵਿਚੋਂ ਸਾਨੂੰ ਮਿਲਿਆ ਹੈ। ਕੇਸ ਅਤੇ ਦਸਤਾਰ ਸਿੱਖੀ ਦੀ ਇਲਾਮਤ ਹਨ, ਮੁਗ਼ਲਾਂ ਦੇ ਜ਼ੁਲਮਾਂ ਵੇਲੇ ਵੀ ਸਿੱਖਾਂ ਦੀਆਂ ਜ਼ਿਆਦਾ ਸ਼ਹਾਦਤਾਂ ਕੇਸਾਂ ਅਤੇ ਦਸਤਾਰਾਂ ਕਰਕੇ ਹੀ ਹੋਈਆਂ ਪਰ ਸਿੱਖ ਉਦੋਂ ਵੀ ਨਹੀਂ ਡੋਲੇ। ਸਿੱਖੀ ਨੂੰ ਤਿਲਾਂਜਲੀ ਦੇਣ ਦੀ ਬਜਾਏ ਉਹਨਾਂ ਮੌਤ ਕਬੂਲਣ ਨੂੰ ਪਹਿਲ ਦਿੱਤੀ। ਸਿੱਖ ਧਰਮ ਦੇ ਮੌਜੂਦਾ ਪੈਰੋਕਾਰਾਂ, ਸਿੱਖ ਲੀਡਰਸ਼ਿਪ ਤੋਂ ਇਲਾਵਾ ਹਰ ਮਾਂ-ਬਾਪ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਸਿੱਖ ਇਤਿਹਾਸ ਅਤੇ ਪਰੰਪਰਾਵਾਂ ਤੋਂ ਜਾਣੂੰ ਕਰਵਾਉਣ। ਗੁਰੂਆਂ ਅਤੇ ਬਾਕੀ ਮਹਾਨ ਗੁਰਸਿੱਖਾਂ ਦੇ ਜੀਵਨ ਇਤਿਹਾਸ ਤੋਂ ਬੱਚਿਆਂ ਨੂੰ ਬਚਪਨ ਵਿਚ ਹੀ ਜਾਣੂੰ ਕਰਵਾਇਆ ਜਾਵੇ। ਸਿੱਖ ਧਰਮ ਦੇ ਮਹਾਨ ਵਿਰਾਸਤੀ ਧਾਰਮਿਕ ਅਸਥਾਨਾਂ ਦੇ ਬਚਪਨ ਤੋਂ ਹੀ ਬੱਚਿਆਂ ਨੂੰ ਨਾਲ ਲਿਜਾ ਕੇ ਦਰਸ਼ਨ ਕਰਵਾਏ ਜਾਣ।

ਘਰਾਂ ਵਿਚ ਮਾਵਾਂ ਜੋ ਕੁਝ ਅਰਸਾ ਹੀ ਪਹਿਲਾਂ ਬੜੇ ਮਾਣ ਨਾਲ ਆਪਣੇ ਪੁੱਤਰ ਦੀ ਦਸਤਾਰ ਚੁੰਮਦੀਆਂ, ਅਸੀਸਾਂ ਦੇਂਦੀਆਂ ਨਹੀਂ ਸਨ ਥਕਦੀਆਂ ਅੱਜ ਇਸ ਪੱਖੋਂ ਅਵੇਸਲੀਆਂ ਹੋ ਗਈਆਂ ਹਨ। ਬੱਚੇ ਦੇ ਜਨਮ ਵੇਲੇ ਗੁਰੂ ਮਹਾਰਾਜ ਅੱਗੇ ਦੋਨੋਂ ਹੱਥ ਜੋੜ ਕੇ ਪੁੱਤਰ ਮੰਗਣ ਵਾਲੀਆਂ ਮਾਵਾਂ ਅੱਜ ਕਿਸ ਤਰ੍ਹਾਂ ਉਸੇ ਪੁੱਤਰ ਦਾ ਗੁਰੂ ਤੋਂ ਬੇਮੁੱਖ ਹੋਣਾ ਬਰਦਾਸ਼ਤ ਕਰਦੀਆਂ ਹਨ? ਅੱਜ ਨਾਨਕ ਨਾਮ ਲੇਵਾ ਸਿੱਖਾਂ ਨੂੰ ਜਾਗਣ ਦੀ ਲੋੜ ਹੈ ਤਾਂ ਜੋ ਰਲਮਿਲ ਕੇ ਸਿੱਖੀ ਦੀ ਆਨ ਤੇ ਸ਼ਾਨ ਬਰਕਰਾਰ ਰੱਖ ਸਕੀਏ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੀਏ।

ਮਾਰਚ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ - ਮਾਰਚ 2026 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ (ਸੀਨੀ. ਮੈਨੇਜਰ, (ਰਿਟਾ.)), ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਮਾਰਚ ਮਹੀਨੇ ਦੀ ਕੁੱਲ ਆਮਦਨ - 8,35,413.52

ਮਾਰਚ ਮਹੀਨੇ ਦਾ ਕੁੱਲ ਖਰਚਾ - 5,29,405.50

ਇਸ ਖਰਚ ਵਿੱਚ ਪਿਛਲੀ ਪ੍ਰਬੰਧਕ ਕਮੇਟੀਆਂ ਵੱਲੋਂ ਸਮੇਂ ਸਿਰ ਟੀ.ਡੀ.ਐਸ. ਫਾਇਲ ਨਾ ਕਰਨ ਕਾਰਨ ਲੱਗੀ ਦੇਰੀ ਫੀਸ ਅਤੇ ਵਿਆਜ਼ ਰੁਪਏ 82,500 ਸ਼ਾਮਲ ਹਨ।

ਸਮੂਹ ਮੈਂਬਰ ਸਾਹਿਬਾਨ ਜੀ ਦੇ ਗਿਆਤ ਹਿੱਤ ਦੱਸਿਆ ਜਾਂਦਾ ਹੈ ਕਿ ਮਾਰਚ ਮਹੀਨੇ ਵਿੱਚ ਆਈ.ਟੀ.ਓ., ਚੰਡੀਗੜ੍ਹ ਵਲੋਂ ਇਕ ਡਿਮਾਂਡ ਨੋਟਿਸ ਰੁਪਏ 1,07,360.00/-, ਜਿਸ ਵਿਚ ਰਿਟਰਨ ਦੇਰੀ ਨਾਲ ਭਰਨ ਕਰਕੇ ਜ਼ੁਰਮਾਨਾ ਅਤੇ ਵਿਆਜ਼ ਸ਼ਾਮਲ ਹੈ, ਜੋ ਕਿ ਬਾਬਤ ਵਿੱਤੀ ਸਾਲ 2008-09, 2013-14, 2019-20, 2020-21, 2021-22, 2022-23 ਸੰਬੰਧੀ ਹੈ। ਇਸ ਨੋਟਿਸ ਸੰਬੰਧੀ ਭਵਨ ਵਲੋਂ ਸੀ.ਏ. ਅਤੇ ਖੁਦ ਆਈ.ਟੀ.ਓ., ਚੰਡੀਗੜ੍ਹ ਦੇ ਦਫ਼ਤਰ ਨਾਲ ਗੱਲਬਾਤ ਕਰਕੇ ਇਕ ਅਰਜ਼ੀ ਦਾਇਰ ਕੀਤੀ ਗਈ। ਜਿਸ ਵਿੱਚ ਭਵਨ ਕੁੱਝ ਰਕਮ ਮੁਆਫ਼ ਕਰਵਾਉਣ ਵਿੱਚ ਕਾਮਯਾਬ ਰਿਹਾ। ਲੁਬਾਣਾ ਭਵਨ ਵਲੋਂ ਰੁਪਏ 82,500/- ਟਰਾਂਸਫਰ ਕੀਤੇ ਗਏ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

ਟੀ.ਡੀ.ਐਸ. 80,000.00

ਡੀ.ਐਸ.ਸੀ. 2,500.00

ਆਪ ਜੀ ਦੇ ਗਿਆਤ ਹਿੱਤ ਦੱਸਿਆ ਜਾਂਦਾ ਹੈ ਕਿ ਟੀ.ਡੀ.ਐਸ. ਦੀ ਰੀਟਰਨ ਅਪਲੋਡ ਕਰਨ ਲਈ ਡਿਜ਼ੀਟਲ ਸਿਗਨੇਚਰ ਸਰਟੀਫ਼ਿਕੇਟ ਜ਼ਰੂਰੀ ਹੁੰਦਾ ਹੈ।

ਟੀ.ਡੀ.ਐਸ. ਨੋਟਿਸ ਦੀ ਕੁੱਲ ਰਕਮ 1,07,360/- ਰੁਪਏ

ਟੀ.ਡੀ.ਐਸ. ਦਾ ਭੁਗਤਾਨ 80,000/- ਰੁਪਏ

ਬਕਾਇਆ ਰਕਮ 27,360/- ਰੁਪਏ

ਮੈਂਬਰ ਸਾਹਿਬਾਨ ਨੂੰ ਇਹ ਦੱਸਿਆ ਜਾਂਦਾ ਹੈ ਕਿ ਟੀ.ਡੀ.ਐਸ. ਦੀ ਬਕਾਇਆ ਰਾਸ਼ੀ ਸੀ.ਏ. ਸਾਹਿਬ ਜੀ ਦੇ ਮੁਲਾਂਕਨ ਤੋਂ ਬਾਅਦ ਟਰਾਂਸਫ਼ਰ ਕੀਤਾ ਜਾਵੇਗੀ। ਇਸ ਤੋਂ ਇਲਾਵਾ ਭਵਨ ਵਿੱਚ ਨਵਾਂ ਸੋਲਰ ਇਨਵਰਟਰ ਲਗਾਉਣ 'ਤੇ 1,73,146.00 ਦਾ ਖਰਚ ਕੀਤਾ ਗਿਆ, ਜੋ ਕਿ ਫਿਕਸਡ ਐਸੈਟਸ ਅਧੀਨ ਦਰਜ ਹੈ। ਉਪਰੋਕਤ ਸਾਰੇ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਰਚ ਮਹੀਨੇ ਦੀ ਕੁੱਲ ਨੈਟ ਆਮਦਨ 1,27,032.52 ਦਰਜ ਕੀਤੀ ਗਈ ।

2. ਮਾਰਚ (ਚੇਤਰ) ਮਹੀਨੇ ਦੀ ਸੰਗਰਾਂਦ ਬਾਰੇ - ਮਿਤੀ 14.03.2026 ਨੂੰ ਚੇਤਰ ਮਹੀਨੇ ਦੀ ਸੰਗਰਾਂਦ ਭਵਨ ਵਿੱਚ

ਆਤਮਿਕਤਾ ਅਤੇ ਸ਼ਰਧਾ ਦੇ ਮਾਹੌਲ ਵਿੱਚ ਮਨਾਈ ਗਈ। ਸਿੱਖ ਧਰਮ ਵਿੱਚ ਚੇਤਰ ਦਾ ਮਹੀਨਾ ਨਵੇਂ ਸਾਲ ਦੀ ਸ਼ੁਰੂਆਤ ਵਜੋਂ ਮੰਨਿਆ ਜਾਂਦਾ ਹੈ, ਜੋ ਨਵੀਂ ਉਮੀਦਾਂ, ਆਤਮਿਕ ਨਵੀਂਕਰਨ ਅਤੇ ਗੁਰਮਤਿ ਜੀਵਨ ਵੱਲ ਅੱਗੇ ਵੱਧਣ ਦਾ ਸੰਦੇਸ਼ ਦਿੰਦਾ ਹੈ। ਇਸ ਪਵਿੱਤਰ ਦਿਹਾੜੇ ਦੇ ਮੌਕੇ ਤੇ ਕੀਰਤਨੀ ਜੱਥੇ ਵੱਲੋਂ ਗੁਰਬਾਣੀ ਕੀਰਤਨ ਦੀ ਮਧੁਰ ਧੁਨੀਆਂ ਨੇ ਸੰਗਤ ਨੂੰ ਗਹਿਰੇ ਆਤਮਿਕ ਅਨੁਭਵ ਨਾਲ ਜੋੜਿਆ। ਹਾਜ਼ਰ ਸੰਗਤ ਨੇ ਭਾਵ-ਭਿੰਨੀ ਸ਼ਰਧਾ ਨਾਲ ਦਰਸ਼ਨ ਕੀਤੇ ਅਤੇ ਗੁਰਬਾਣੀ ਦਾ ਲਾਭ ਲਿਆ। ਇਸ ਸਮਾਗਮ ਵਿਚ ਸਮੂਹ ਮੈਨੇਜਮੈਂਟ ਕਮੇਟੀ ਦੇ ਮੁੱਖ ਅਹੁਦੇਦਾਰਾਂ ਨੇ ਵੀ ਹਾਜ਼ਰੀ ਭਰੀ ਅਤੇ ਅਖੀਰ ਵਿਚ ਸ. ਗੁਲਸ਼ਨ ਕੁਮਾਰ ਸਿੰਘ ਸੀਨੀਅਰ ਮੀਤ ਪ੍ਰਧਾਨ ਹੈੱਡਕੁਆਰਟਰ ਵੱਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਚੱਲ ਰਹੀਆਂ ਡੈਂਟਲ ਸੇਵਾਵਾਂ ਡਾ. ਅਕਸ਼ੇ ਠਾਕੁਰ (ਐੱਮ.ਡੀ.ਐੱਸ.) ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸਰਾਹਣਯੋਗ ਢੰਗ ਨਾਲ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਹਨਾਂ ਵਲੋਂ ਮਰੀਜ਼ਾਂ ਨੂੰ ਡੈਂਟਲ ਦੀਆਂ ਸੇਵਾਵਾਂ ਸਫਾਈ, ਆਧੁਨਿਕ ਇਲਾਜ ਅਤੇ ਸੰਵੇਦਨਸ਼ੀਲ ਦੇਖਭਾਲ ਨਾਲ ਬੜੇ ਹੀ ਸੁਚੱਜੇ ਢੰਗ ਨਾਲ ਦਿੱਤੀਆਂ ਜਾ ਰਹੀਆਂ ਹਨ। ਭਵਨ ਵਿੱਚ ਚੱਲ ਰਹੀ ਡੈਂਟਲ ਕਲੀਨਿਕ ਸੰਗਤ ਲਈ ਇਕ ਲਾਭਦਾਇਕ ਸੇਵਾ ਸਾਬਤ ਹੋ ਰਹੀ ਹੈ। ਇਸ ਕਲੀਨਿਕ ਰਾਹੀਂ ਲੋਕਾਂ ਨੂੰ ਡੈਂਟਲ ਇਲਾਜ ਦੀ ਸਹੂਲਤ ਆਸਾਨੀ ਨਾਲ ਮਿਲ ਰਹੀ ਹੈ ਅਤੇ ਕਈ ਲੋਕ ਇਸ ਤੋਂ ਫਾਇਦਾ ਲੈ ਰਹੇ ਹਨ। ਡਾ. ਅਕਸੈ ਠਾਕੁਰ (ਐਮ.ਡੀ.ਐਸ.) ਇਸ ਕਲੀਨਿਕ ਨੂੰ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਲਾ ਰਹੇ ਹਨ, ਜਿਸ ਨਾਲ ਮਰੀਜ਼ ਖੁਸ਼ ਅਤੇ ਸੰਤੁਸ਼ਟ ਹਨ। ਇਹ ਸੇਵਾ ਭਵਨ ਵੱਲੋਂ ਸਮਾਜ ਦੀ ਭਲਾਈ ਲਈ ਇੱਕ ਚੰਗਾ ਉਪਰਾਲਾ ਹੈ।

4. **ਕਾਰਜਕਾਰਨੀ ਕਮੇਟੀ ਦੀ ਮੀਟਿੰਗ ਬਾਰੇ** - ਮਿਤੀ 22.03.2026 ਦਿਨ ਐਤਵਾਰ ਨੂੰ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਕੰਪਲੈਕਸ, 66" ਫੁੱਟ ਫੋਲੜੀਵਾਲ ਰੋਡ, ਜਲੰਧਰ ਵਿਖੇ 11.30 ਵਜੇ ਹੋਈ। ਇਸ ਮੀਟਿੰਗ ਵਿੱਚ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਪਮੱਖ ਲਾਈਫ ਮੈਂਬਰਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਇਸ ਸਮੇਂ ਤਕਰੀਬਨ 130 ਤੋਂ ਵੀ ਵੱਧ ਮੈਂਬਰ ਹਾਜ਼ਰ ਸਨ। ਇਹ ਮੀਟਿੰਗ ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.) ਚੰਡੀਗੜ੍ਹ ਦੀ ਪ੍ਰਧਾਨਗੀ ਹੇਠ ਪਹਿਲੀ ਕਾਰਜਕਾਰਨੀ ਮੀਟਿੰਗ ਸੀ, ਜੋ ਭਵਨ ਤੋਂ ਬਾਹਰ ਕਰਵਾਈ ਗਈ। ਇਸ ਮੀਟਿੰਗ ਦੌਰਾਨ ਸਾਰੇ ਏਜੰਡਾ ਦੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਅਤੇ ਹਾਜ਼ਰ ਮੈਂਬਰਾਂ ਨੂੰ ਬਿਲਡਿੰਗ ਦਾ ਪਲਾਨ ਵੀ ਦਿਖਾਇਆ ਗਿਆ। ਪਿਛਲੀ ਕਾਰਜਕਾਰਨੀ ਮੀਟਿੰਗ ਤੋਂ ਬਾਅਦ ਹੋਈਆਂ ਤਰੱਕੀਆਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਇਸ ਦੇ ਨਾਲ ਹੀ ਵਿੱਤੀ ਰਿਪੋਰਟ ਵੀ ਕਾਰਜਕਾਰਨੀ ਕਮੇਟੀ ਦੇ ਅੱਗੇ ਪੇਸ਼ ਕੀਤੀ ਗਈ ਅਤੇ ਹਾਜ਼ਰ ਸਾਰੇ ਮੈਂਬਰਾਂ ਨੂੰ ਇਸ ਦੀਆਂ ਪ੍ਰਿੰਟ ਕਾਪੀਆਂ ਵੀ ਦਿੱਤੀਆਂ ਗਈਆਂ ਅਤੇ ਇਸ ਵਿੱਤੀ ਰਿਪੋਰਟ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਸ ਮੀਟਿੰਗ ਵਿਚ ਡਾ. ਸਰਬਜੀਤ ਕੌਰ ਪਤਨੀ ਪ੍ਰੋ. ਕਮਲਜੀਤ ਸਿੰਘ ਨੇ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ ਜਿਸ ਕਰਕੇ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਫਾਊਂਡੇਸ਼ਨ ਵੱਲੋਂ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਡਾ. ਸਰਬਜੀਤ ਕੌਰ ਡਾ. ਜਸਵੰਤ ਸਿੰਘ ਬੇਗੋਵਾਲ ਦੀ ਨੂੰਹ ਹੈ ਅਤੇ ਇਸ ਪਰਿਵਾਰ ਵਿਚ ਤਿੰਨ ਪੀ.ਐਚ.ਡੀ. (ਪਿਤਾ, ਸਪੁੱਤਰ ਅਤੇ ਨੂੰਹ) ਹਨ, ਜੋ ਕਿ ਬੜੇ ਮਾਣ ਵਾਲੀ ਗੱਲ ਹੈ। ਇਸ ਤੋਂ ਇਲਾਵਾ ਫਾਊਂਡੇਸ਼ਨ ਵੱਲੋਂ ਤਿੰਨ ਲੜਕੀਆਂ ਜੋ ਕਿ ਗ੍ਰੈਜੂਏਸ਼ਨ ਕਰ ਰਹੀਆਂ ਹਨ ਅਤੇ ਜਿਨ੍ਹਾਂ ਦੀ ਸਾਰੀ ਫੀਸ ਫਾਊਂਡੇਸ਼ਨ ਵੱਲੋਂ ਦਿੱਤੀ ਜਾਂਦੀ ਹੈ, ਉਨ੍ਹਾਂ ਤਿੰਨਾਂ ਬੱਚੀਆਂ ਨੂੰ ਉਤਸ਼ਾਹਤ ਕਰਨ ਲਈ ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿਚ ਹਾਜ਼ਰ ਮੈਂਬਰਾਂ ਨੇ ਮੌਕੇ 'ਤੇ ਹੀ ਪ੍ਰਧਾਨ ਭਗਵਾਨ ਸਿੰਘ ਲੁਬਾਣਾ ਦੀ ਅਪੀਲ 'ਤੇ ਲੁਬਾਣਾ ਭਵਨ ਵਿਖੇ ਗੁਰੂ ਘਰ ਦੀ ਸੇਵਾ ਲਈ ਤਕਰੀਬਨ 1,50,000 ਤੋਂ ਵੱਧ ਦੀ ਰਾਸ਼ੀ ਇਕੱਤਰ ਹੋਈ ਅਤੇ ਸਮੂਹ ਦਾਨੀ ਸੱਜਣਾਂ ਦਾ ਫਾਊਂਡੇਸ਼ਨ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਸਮਾਗਮ ਵਿਚ ਲੁਬਾਣਾ ਭਾਈਚਾਰੇ ਨਾਲ ਸੰਬੰਧਤ ਸਮਾਜਿਕ ਅਤੇ ਰਾਜਨੀਤਿਕ

ਸੰਬੰਧੀ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

5. **ਫ਼ਾਇਰ-ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ ਦੇ ਭਵਨ ਦੀ ਫਾਇਰ ਫਾਈਟਿੰਗ ਐਨ.ਓ.ਸੀ. ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਇਸ ਮਾਮਲੇ ਵਿੱਚ ਅਜੇ ਤੱਕ ਕੋਈ ਵਿਸ਼ੇਸ਼ ਤਰੱਕੀ ਨਹੀਂ ਹੋ ਸਕੀ ਅਤੇ ਸਥਿਤੀ ਪਹਿਲਾਂ ਵਾਂਗ ਹੀ ਬਰਕਰਾਰ ਹੈ। ਸੰਬੰਧਿਤ ਵਿਭਾਗਾਂ ਨਾਲ ਸੰਪਰਕ ਜਾਰੀ ਹੈ ਅਤੇ ਲੋੜੀਂਦੇ ਕਾਗਜਾਤ ਅਤੇ ਕਾਰਵਾਈ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ। ਆਸ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਸ ਮਾਮਲੇ ਵਿੱਚ ਸਕਾਰਾਤਮਕ ਪ੍ਰਗਤੀ ਹੋਵੇਗੀ ਅਤੇ ਐਨ.ਓ.ਸੀ. ਪ੍ਰਾਪਤ ਕਰਨ ਦੀ ਪ੍ਰਕਿਰਿਆ ਜਲਦੀ ਪੂਰੀ ਕੀਤੀ ਜਾਵੇਗੀ।

6. **ਰਿਵਾਇਜ਼ਡ ਬਿਲਡਿੰਗ ਪਲਾਨ ਅਤੇ ਐਸ.ਡੀ.ਐਮ. (ਈਸਟ) ਵਿਖੇ ਚੱਲ ਰਹੇ ਕੇਸ ਦਾ ਵੇਰਵਾ** - ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ ਵੱਲੋਂ ਸੰਸੋਧਿਤ ਬਿਲਡਿੰਗ ਪਲਾਨ ਅਤੇ ਐਸ.ਡੀ.ਐਮ. ਈਸਟ ਚੰਡੀਗੜ੍ਹ ਦਫਤਰ ਵਿੱਚ ਚੱਲ ਰਹੇ ਕੇਸ ਸਬੰਧੀ ਰਿਵਾਇਜ਼ਡ ਬਿਲਡਿੰਗ ਪਲਾਨ ਸਾਰੇ ਲੋੜੀਂਦੇ ਸੋਧਾਂ ਅਤੇ ਅਪਡੇਸ਼ਨਾਂ ਨਾਲ ਸਫਲਤਾ ਪੂਰਵਕ ਜਮ੍ਹਾਂ ਕਰਵਾ ਦਿੱਤਾ ਗਿਆ ਹੈ। ਹੁਣ ਇਹ ਪ੍ਰਕਿਰਿਆ ਅਸਟੇਟ ਦਫਤਰ ਵੱਲੋਂ ਨਿਯਮਾਂ ਅਨੁਸਾਰ ਆਪਣੇ ਸਮੇਂ ਵਿੱਚ ਅੱਗੇ ਵਧਾਈ ਜਾਵੇਗੀ। ਦੂਸਰੇ ਪਾਸੇ ਇਸ ਕੇਸ ਸਬੰਧੀ ਅਗਲੀ ਪੇਸੀ 6 ਅਪ੍ਰੈਲ ਨੂੰ ਨਿਰਧਾਰਿਤ ਕੀਤੀ ਗਈ ਹੈ। ਇਸ ਮਾਮਲੇ ਵਿੱਚ ਜੋ ਵੀ ਨਵੀਂ ਤਰੱਕੀ ਹੋਵੇਗੀ, ਉਸ ਬਾਰੇ ਸੰਗਤ ਨੂੰ ਸਮੇਂ-ਸਮੇਂ 'ਤੇ ਜਾਣਕਾਰੀ ਦਿੰਦੇ ਰਹਾਂਗੇ। ਇਹ ਦੋਵੇਂ ਮਾਮਲੇ ਸੰਸਥਾ ਲਈ ਮਹੱਤਵਪੂਰਨ ਹਨ ਅਤੇ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਕਾਰਾਤਮਕ ਨਤੀਜੇ ਸਾਹਮਣੇ ਆਉਣਗੇ।

7. **ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਕੀਮ ਦੇ ਅਧੀਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਲਈ ਇਸ ਸਾਲ ਦੇ ਸਕਾਲਰਸ਼ਿਪ ਫ਼ਾਰਮ ਜਮ੍ਹਾਂ ਕਰਾਉਣ ਦੀ ਨਿਰਧਾਰਿਤ ਮਿਤੀ 15.02.2026 ਤੋਂ ਵਧਾ ਕੇ 15.03.2026 ਕਰ ਦਿੱਤੀ ਗਈ ਸੀ। ਇਸ ਸਕੀਮ ਦੇ ਅਧੀਨ ਕਈ ਹੋਣਹਾਰ ਅਤੇ ਜ਼ਰੂਰਤਮੰਦ ਵਿਦਿਆਰਥੀਆਂ ਵਲੋਂ 50 ਤੋਂ ਵੱਧ ਫਾਰਮ ਪ੍ਰਾਪਤ ਹੋਏ। ਇਸ ਕਮੇਟੀ ਦੀ ਕੁਸ਼ਲ ਜਾਂਚ ਵਿੱਚ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਸੀਨੀ. ਵਾਈਸ ਪ੍ਰਧਾਨ (ਹੈ.ਕੁ.), ਕਨਵੀਨਰ ਅਤੇ ਕਰਨਲ ਗੁਰਦੀਪ ਸਿੰਘ, ਵਾਈਸ ਪ੍ਰਧਾਨ (ਹੈ.ਕੁ.), ਕੋ-ਕਨਵੀਨਰ, ਅਤੇ ਨਾਲ ਹੀ ਕਮੇਟੀ ਦੇ ਹੋਰ ਮੈਂਬਰ ਸ਼ਾਮਲ ਹਨ। ਫਾਰਮਾਂ ਦੀ ਬੜੇ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਦਸਤਾਵੇਜ਼ਾਂ ਦੀ ਚੰਗੀ ਤਰ੍ਹਾਂ ਘੋਖ ਕੀਤੀ ਜਾ ਰਹੀ ਹੈ। ਇਸ ਦੌਰਾਨ 16 ਫਾਰਮ ਪੂਰੇ ਤਰੀਕੇ ਨਾਲ ਸਹੀ ਪਾਏ ਗਏ ਅਤੇ 16 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਬਣਦੀ ਰਾਸ਼ੀ ਉਹਨਾਂ ਦੇ ਬੈਂਕ ਖਾਤਿਆਂ ਵਿਚ ਅਦਾ ਕਰ ਦਿੱਤੀ ਗਈ ਹੈ ਅਤੇ ਬਾਕੀ ਫਾਰਮਾਂ ਨੂੰ ਵੀ ਬਹੁਤ ਧਿਆਨ ਅਤੇ ਸੰਭਾਲ ਨਾਲ ਚੈੱਕ ਕੀਤਾ ਜਾ ਰਿਹਾ ਹੈ ਅਤੇ ਇਹ ਕੰਮ ਆਪਣੇ ਸਮੇਂ ਅਨੁਸਾਰ ਸੰਪੂਰਨ ਕਰ ਲਿਆ ਜਾਵੇਗਾ।

8. **ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ** - ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ ਵੱਲੋਂ ਮਾਰਚ ਮਹੀਨੇ ਦੌਰਾਨ ਭਵਨ ਵਿੱਚ ਕਈ ਮਹੱਤਵਪੂਰਨ ਕਾਰਜ ਕੀਤੇ ਗਏ -

(ੳ) ਲੁਬਾਣਾ ਭਵਨ ਵਿੱਚ ਨਵਾਂ ਸੋਲਰ ਇਨਵਰਟਰ ਸਥਾਪਿਤ ਕੀਤਾ ਗਿਆ ਹੈ, ਜਿਸ ਨਾਲ ਬਿਜਲੀ ਪ੍ਰਬੰਧ ਹੋਰ ਮਜਬੂਤ ਅਤੇ ਸੁਚਾਰੂ ਹੋ ਗਿਆ ਹੈ।

(ਅ) ਲੁਬਾਣਾ ਭਵਨ ਦੀ ਚਾਰ-ਦਿਵਾਰੀ ਨੂੰ ਨਵੀਂ ਦਿੱਖ ਦੇਣ ਲਈ ਪੇਂਟ ਕਰਵਾਇਆ ਗਿਆ, ਜੋ ਕਿ ਪਿਛਲੇ ਕਈ ਸਾਲਾਂ ਤੋਂ ਨਹੀਂ ਕੀਤਾ ਗਿਆ ਸੀ।

(ੲ) ਲੁਬਾਣਾ ਭਵਨ ਦੇ ਗੁਰਦੁਆਰਾ ਸਾਹਿਬ ਵਿੱਚ ਨਵਾਂ ਤਖ਼ਤ-ਪੋਸ਼ (ਪੀੜਾ ਸਾਹਿਬ) ਸਥਾਪਿਤ ਕੀਤਾ ਗਿਆ। ਇਸ ਤੋਂ ਪਹਿਲਾਂ ਚੰਦੋਆ ਸਾਹਿਬ ਲਈ ਨਵਾਂ ਆਧੁਨਿਕ ਸਟੀਲ ਦਾ ਫਰੇਮ ਵੀ ਸਥਾਪਿਤ ਕੀਤਾ ਜਾ ਚੁੱਕਾ ਸੀ।

ਸਾਂਝੇ ਚੁੱਲ੍ਹੇ ’ਤੇ ਵਸਦਾ ਸੀ ਸਾਂਝਾ ਪਰਿਵਾਰ

ਪੰਜਾਬ ਦੀ ਜੀਵਨ ਸ਼ੈਲੀ ਵਿਚ ਸੱਭਿਆਚਾਰ ਦੀ ਅਮਿੱਟ ਛਾਪ ਹੈ, ਜਿਸ ਦਾ ਚਾਨਣ ਰੋਜ਼ਮਰਾ ਦੀ ਕਿਰਿਆ ਨੂੰ ਖੁਸ਼ੀਆਂ ਨਾਲ ਰੁਸ਼ਨਾਉਂਦਾ ਹੈ। ਇਸ ਦੀਆਂ ਮਿੱਥਾਂ, ਕਲਾ, ਗੀਤੀ-ਰਿਵਾਜ਼ ਨਾਲ ਉਪਜੀ ਆਪਸੀ ਸਾਂਝ ਇਕ ਵੱਖਰੀ ਕਾਇਨਾਤ ਸਿਰਜਦੀ ਹੈ। ਸੱਭਿਆਚਾਰ ਬਾਰੇ ਮਹਾਤਮਾ ਗਾਂਧੀ ਲਿਖਦੇ ਹਨ, ‘ਇਕ ਰਾਸ਼ਟਰ ਦਾ ਸੱਭਿਆਚਾਰ ਉਸ ਦੇ ਲੋਕਾਂ ਦੇ ਦਿਲਾਂ ਅਤੇ ਆਤਮਾ ਵਿਚ ਵਸਦਾ ਹੈ ਬਸ਼ਰਤੇ ਪੀੜ੍ਹੀ-ਦਰ-ਪੀੜ੍ਹੀ ਚੱਲਣਾ ਵੀ ਜ਼ਰੂਰੀ ਹੈ। ਸਾਂਝੇ ਕਾਰਜ, ਸਮਾਜਿਕ ਵਿਵਹਾਰ, ਖੁਸ਼ੀਆਂ ਗ਼ਮੀਆਂ ਦੀਆਂ ਰਸਮਾਂ ਅਤੇ ਮੋਹ ਦੀਆਂ ਤੰਦਾਂ ਨਾਲ ਬੱਝੇ ਸਾਂਝੇ ਪਰਿਵਾਰ ਗੁਰੂਆਂ ਦੀਆਂ ਬਖਸ਼ਿਸ਼ਾਂ ਹਨ, ਜਿਸ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ। ਕੁੱਲ ਆਲਮ ਵਿਚ ਪੰਜਾਬ ਦੇ ਵਿਰਾਸਤੀ ਸੱਭਿਆਚਾਰ ਦੀ ਵੱਖਰੀ ਸ਼ਾਨ ਅਤੇ ਪਹਿਚਾਣ ਹੈ।’

ਸਾਂਝਾ ਚੁੱਲ੍ਹਾ ਪਰਿਵਾਰ ਦੀਆਂ ਖ਼ੁਸ਼ੀਆਂ ਦਾ ਅਧਾਰ ਹੈ। ਇਸ ਵਿਚ ਪਰਿਵਾਰ ਨੂੰ ਜੋੜ ਕੇ ਰੱਖਣ ਦੀ ਅਲੌਕਿਕ ਸ਼ਕਤੀ ਹੈ। ਇਕ ਖ਼ਾਸ ਸਥਾਨ ਤੈਅ ਕਰ ਕੇ ਘਰ ਦੀਆਂ ਔਰਤਾਂ ਪਿੰਡ ਦੇ ਟੋਭੇ ’ਚੋਂ ਚੀਕਣੀ ਮਿੱਟੀ ਲਿਆ ਕੇ ਤਿਆਰ ਕਰਦੀਆਂ ਸਨ। ਕਈ ਵਾਰ ਮਿੱਟੀ ਲਿਆਉਣ ਦਾ ਕੰਮ ਮਰਦਾਂ ਤੋਂ ਵੀ ਲਿਆ ਜਾਂਦਾ ਸੀ। ਉਸ ਮਿੱਟੀ ਨਾਲ ਚੁੱਲ੍ਹਾ ਤਿਆਰ ਕਰਦੇ, ਜਿਸ ਦੇ ਢਾਂਚੇ ਦੀ ਮਜ਼ਬੂਤੀ ਲਈ ਇੱਟਾਂ, ਪੀਲੀ ਮਿੱਟੀ ਤੇ ਤੂੜੀ ਦੀ ਵਰਤੋਂ ਵੀ ਕੀਤੀ ਜਾਂਦੀ। ਚੁੱਲ੍ਹੇ ਦੇ ਨਾਲ ਹਾਰਾ, ਲੋਹ, ਚੁਰ, ਤੰਦੂਰ ਅਤੇ ਭੱਠੀ ਵੀ ਬਣਾਈ ਜਾਂਦੀ, ਜੋ ਸਰਦੀਆਂ ਵਿਚ ਖੋਆ ਕੱਢਣ ਜਾਂ ਵਿਆਹ ਸ਼ਾਦੀਆਂ ਸਮੇਂ ਵਰਤਦੇ ਸਨ। ਅੱਜ ਵਾਂਗ ਕੰਮ ਕਰਦੇ ਹਾਲੀ ਪਾਲੀ (ਹਾਲੀ ਹਲਵਾਹਕ ਖੇਤਾਂ ਵਿਚ ਕੰਮ ਕਰਨ ਵਾਲੇ ਤੇ ਪਾਲੀ ਪਸ਼ੂ ਪਾਲਣ ਵਾਲੇ) ਆਪਣੇ ਨਾਲ ਰੋਟੀ ਦੇ ਡੱਬੇ ਚੁੱਕ ਕੇ ਨਹੀਂ ਲਿਆਉਂਦੇ ਸਨ, ਸਭ ਲਈ ਖਾਣਾ ਘਰ ਹੀ ਤਿਆਰ ਹੁੰਦਾ ਸੀ। ਹਾਰੇ ਵਿਚ ਮੱਠੀ-ਮੱਠੀ ਅੱਗ ਨਾਲ ਕੜਦਾ ਦੁੱਧ, ਰਿਝਦੀ ਦਾਲ ਜਾਂ ਸਾਗ ਦੀ ਮਹਿਕ ਘਰ ਦੇ ਮਾਹੌਲ ਨੂੰ ਮਹਿਕਣ ਲਾ ਦਿੰਦੀ ਸੀ। ਚੁੱਲ੍ਹੇ ਦੀ ਵਰਤੋਂ ਥੋੜ੍ਹੀ ਦਾਲ ਰੋਟੀ ਬਣਾਉਣ ਲਈ ਕੀਤੀ ਜਾਂਦੀ ਸੀ। ਲੋਹ ਵੱਡੇ ਅਕਾਰ ਦਾ ਚੁੱਲ੍ਹਾ ਹੈ, ਜਿਸ ਉਪਰ ਲੋਹੇ ਦੀ ਤਵੀ ਰੱਖ 10 ਤੋਂ 15 ਰੋਟੀਆਂ ਇਕੋ ਸਮੇਂ ਬਣ ਸਕਦੀਆਂ ਹਨ। ਲੋਹ ਦੀ ਤੇਜ਼ ਅੱਗ ਲਈ ਹਰ-ਹਰ ਜਾਂ ਕਪਾਹ ਦੀਆਂ ਛਿਟੀਆਂ ਅਤੇ ਕਮਾਦ ਦੀ ਪੱਤੀ ਦੀ ਵਰਤੋ ਬਾਲਣ ਦੇ ਰੂਪ ਵਿਚ ਕਰਦੇ ਸਨ। ਸਰਦੀਆਂ ਵਿਚ ਚੁੱਲ੍ਹੇ ਦੀ ਅੱਗ ਮਾਨਣ ਦਾ ਨਿੱਘਾ ਨਜ਼ਾਰਾ ਬਿਜਲਈ ਹੀਟਰਾਂ ਨੂੰ ਫੇਲ੍ਹ ਕਰ ਦਿੰਦਾ ਸੀ।



ਸਾਂਝੇ ਚੁੱਲ੍ਹੇ ਦੇ ਢਾਂਚੇ ਜਾਂ ਚੌਤਰਾ ਬੀਤੇ ਜ਼ਮਾਨੇ ਦੀ ਖੁੱਲ੍ਹੀ ਰਸੋਈ ਸੀ, ਜਿਸ ਵਿਚ ਭਾਂਡੇ ਰੱਖਣ ਲਈ ਚੌਂਕਾ ਬਣਾਉਂਦੇ ਸਨ। ਅਜੋਕੇ ਸਮੇਂ ਦੀ ਅਤਿ ਆਧੁਨਿਕ ਮੋਡੂਲਰ ਕਿਚਨ ਦੇ ਤੁਲ ਭਾਵੇਂ ਮਾਸਾ ਵੀ ਨਹੀਂ ਪਰ ਉਥੇ ਤਿਉ-ਮੁਹੱਬਤ ਨਾਲ ਬਣਦਾ ਖਾਣਾ ਤੇ ਤੀਆਂ ਦੀਆਂ ਰੋਣਕਾਂ ਵਰਗੇ ਦਿਨਾਂ ਦਾ ਸਵਰਗਮਈ ਵਾਸਾ ਕਿਧਰੇ ਨਜ਼ਰ ਨਹੀ ਆਉਂਦਾ। ਉਸ ਵਕਤ ਪਰਦੇ ਦਾ ਵੀ ਖਾਸ ਧਿਆਨ ਰੱਖਦੇ ਸਨ। ਚੁੱਲ੍ਹੇ ਦੁਆਲੇ ਤਿੰਨ ਤੋਂ ਚਾਰ ਫੁੱਟ ਉਚਾ ਓਟਾ ਬਣਾਇਆ ਜਾਂਦਾ ਤਾਂ ਜੋ ਬਾਹਰੋਂ ਆਏ ਵਿਅਕਤੀ ਦੀ ਨਜ਼ਰ ਸੁਆਣੀਆਂ ਜਾ ਖਾਣੇ ਉੱਪਰ ਨਾ ਜਾਵੇ। ਚੌਂਤਰੇ ਦੀ ਕੰਧ ਵਿਚ ਆਲੇ ਬਣਾਏ ਜਾਂਦੇ ਸਨ ਜਿਸ ਵਿਚ ਸਜਾਵਟੀ ਸਾਮਾਨ ਸਾਂਭਿਆ ਜਾਂਦਾ ਸੀ। ਚੁੱਲ੍ਹੇ ਦੀ ਸਜਾਵਟੀ ਦਿੱਖ ਲਈ ਆਂਢ-ਗੁਆਂਢ ਨਾਲੋਂ ਆਪਸ ਵਿਚ ਨਣਦਾਂ, ਭਰਜਾਈ, ਬਾਲੜੀਆਂ ਤੇ ਮਾਈਆਂ ਦਾ ਮੁਕਾਬਲਾ ਨਿਰੰਤਰ ਚਲਦਾ ਰਹਿੰਦਾ, ਜਿਸ ਨੂੰ ਸਜਾਉਣ ਵਿਚ ਉਹ ਪੂਰੀ ਵਾਹ ਲਗਾ ਦਿੰਦੀਆਂ ਸਨ। ਵਿਹੜੇ ’ਤੇ ਚੌਤਰੇ ਵਿਚ ਸਾਫ ਹੱਥ ਨਾਲ ਪੀਲੀ ਮਿੱਟੀ ਦਾ ਪੋਚਾ ਲਗਾਉਂਦੇ। ਓਟੇ ਅਤੇ ਭਾਂਡੇ ਰੱਖਣ ਵਾਲੇ ਚੌਂਕੇ ਨੂੰ ਵਿਰਾਸਤੀ ਹੱਥੀਂ ਚਿੱਤਰਕਾਰੀ ਨਾਲ ਸਜਾਇਆ ਜਾਂਦਾ ਸੀ। ਕੰਧਾ ਉਪਰ ਪਾਂਡੂ ਫੇਰਨ ਪਿੱਛੋਂ ਫੁੱਲ ਬੂਟੇ, ਤਾਰੇ, ਚਿੜੀਆਂ, ਕਬੂਤਰ, ਮੋਰ, ਘੋੜੇ ਆਦਿ ਬਣਾ ਕੇ ਸਜਾਉਂਦੇ ਸਨ, ਜਿਸ ਲਈ ਨੀਲ, ਪੀਲੀ ਗਾਜਣੀ, ਲਾਲ, ਹਰਾ ਤੇ ਗੁਲਾਨਾਰੀ ਰੰਗ ਦੀ ਵਧੇਰੇ ਵਰਤੋ ਹੁੰਦੀ। ਚੌਂਕੇ ਵਿਚ ਪਏ ਕਾਂਸੀ, ਤਾਂਬੇ, ਸਟੀਲ, ਪਿੱਤਲ ਦੇ ਥਾਲ, ਕੰਗਣੀ ਵਾਲੇ ਗਿਲਾਸ, ਛੰਨੇ, ਬਾਟੀਆਂ ਤੇ ਪਤੀਲੇ ਵਰਗੇ ਭਾਂਡਿਆਂ ਦੀ ਪੈਂਦੀ ਸੋਨੇ ਚਾਂਦੀ ਵਰਗੀ ਚਮਕ ਚੌਂਕੇ ਦੀ ਸ਼ੋਭਾ ਨੂੰ ਹੋਰ ਵਧਾ ਦਿੰਦੇ। ਦੁੱਧ ਕਾੜ੍ਹਨ ਵਾਲੇ ਹਾਰੇ ਨੂੰ ਜ਼ਿਆਦਾਤਰ ਖਿੜਕੀ ਲਗਾ ਕੇ ਰੱਖਦੇ ਸਨ, ਤਾਂ ਜੋ ਜਾਨਵਰਾਂ ਤੋਂ ਬਚਾ ਹੋ ਜਾਵੇ ਤੇ ਕੰਮ ਬਿਨਾਂ ਡਰ ਤੋਂ ਕਰ ਸਕਣ। ਤਿਉਹਾਰਾਂ ਦੇ ਦਿਨਾਂ ਵਿਚ ਔਰਤਾਂ ਚੁੱਲ੍ਹੇ-ਚੌਂਕੇ ਦੀ ਸਜਾਵਟ ਦਾ ਖਾਸ ਧਿਆਨ ਰੱਖਦੀਆਂ ਸਨ।

ਸੁੱਚਮ ਰੱਖਦੇ ਹੋਏ ਬੱਚਿਆਂ ਨੂੰ ਖਾਣਾ ਚੌਂਤਰੇ ਤੋਂ ਬਾਹਰ ਪਰੋਸਿਆ ਜਾਂਦਾ। ਜਵਾਈ ਜਾਂ ਮਹਿਮਾਨਾਂ ਦੀ ਆਮਦ ’ਤੇ ਪਹਿਲਾਂ ਖਾਣਾ ਉਨ੍ਹਾਂ ਨੂੰ ਪਰੋਸਦੇ, ਉਂਜ ਜ਼ਿਆਦਾਤਰ ਚੌਂਕੇ ਵਿਚੋਂ ਪਹਿਲਾ ਖਾਣਾ ਵੱਡੇ ਬਜ਼ੁਰਗਾਂ ਨੂੰ ਦਿੰਦੇ ਸਨ। ਤਿਉਹਾਰਾਂ ਦੇ ਸਮੇਂ ਚੁੱਲ੍ਹੇ-ਚੌਂਕੇ ਦੀ ਰੌਣਕ ਦੁੱਗਣੀ ਹੋ ਜਾਂਦੀ। ਉਸ ਸਮੇਂ ਖੋਏ ਦੀ ਬਰਫੀ, ਚੌਲਾਂ ਦੀਆਂ ਪਿੰਨੀਆਂ, ਪਕੌੜੇ ਅਤੇ ਲੱਡੂ ਘਰ ਹੀ ਬਣਾਉਂਦੇ ਸਨ। ਚੁੱਲ੍ਹੇ ਕੋਲੋਂ ਉੱਠਦੀਆਂ ਸੁਗੰਧਾਂ ਦੇ ਨਾਲ ਘਰ ਦਾ ਚਾਰ-

ਚੁਫੇਰਾ ਸੁਆਦਲੀ ਖੁਸ਼ਬੂ ਨਾਲ ਮਹਿਕਣ ਲੱਗ ਜਾਂਦਾ।

ਸਾਂਝੇ ਪਰਿਵਾਰ ਦੀ ਪਵਿੱਤਰ ਰੀਤ ਜਿਥੇ ਕੁਨਬੇ ਨੂੰ ਸਾਂਝ ਦੀ ਤੰਦ ਨਾਲ ਜੋੜੀ ਰੱਖਦੀ ਸੀ, ਉਥੇ ਹੀ ਬੱਚਿਆਂ ਨੂੰ ਸੰਸਕਾਰੀ ਸਿੱਖਿਆ ਵੀ ਆਪ-ਮੁਹਾਰੇ ਪ੍ਰਾਪਤ ਹੋ ਜਾਂਦੀ ਸੀ। ਪਿਆਰ ਨਾਲ ਰਹਿਣਾ, ਵੰਡ ਕੇ ਖਾਣਾ, ਮਿਲ ਕੇ ਖੇਡਣਾ ਵਰਗੀਆਂ ਸਧਾਰਨ ਗੱਲਾਂ ਨੂੰ ਦੱਸਣ ਦੀ ਲੋੜ ਨਹੀਂ ਸੀ ਪੈਂਦੀ, ਇਹ ਸਭ ਕੁਝ ਘਰ ਦੇ ਵਰਤਾਰੇ ਨੂੰ ਦੇਖ ਕੇ ਹੀ ਸਿੱਖ ਜਾਂਦੇ ਸੀ। ਭਾਵੇਂ ਅੱਜ ਵਾਂਗ ਪੈਸੇ ਦੀ ਬਹੁਤਾਤ ਨਹੀਂ ਸੀ ਪਰ ਖੁਸ਼ੀਆਂ ਜ਼ਰੂਰ ਬੇਹਿਸਾਬੀਆਂ ਸਨ। ਤੰਗੀਆਂ-ਤੁਰਸ਼ੀਆਂ ਦਾ ਸੰਘਰਸ਼ੀ ਜੀਵਨ ਹਰ ਕਸੌਟੀ ਉੱਤੇ ਖਰੇ ਉਤਰਨ ਦੀ ਤਾਂਘ ਰੱਖਦਾ ਹੈ। ਬਚਪਨ ਵਿਚ ਮਿਲੀ ਸਿੱਖਿਆ ਜੀਵਨ ਜਾਚ ਸਿਖਾਉਂਦੀ ਹੈ, ਜਿਸ ਨਾਲ ਘਾਟੇ ਨੂੰ ਸਹਿਣਾ, ਵਾਧੇ ਵੇਲੇ ਸੰਜਮ, ਮਿਹਨਤ ਕਰਨਾ, ਮੁਸ਼ਕਿਲਾਂ ਵਿਚ ਸਾਥ ਨਿਭਾਉਣ ਵਾਲੇ ਗੁਣ ਬੱਚੇ ਦੇ ਮਨ 'ਤੇ ਉੱਕਰ ਜਾਂਦੇ ਹਨ, ਜੋ ਤਾ-ਉਮਰ ਮਿਹਨਤ ਨਾਲ ਜੀਵਨ ਨੂੰ ਸੁਖਾਲਾ ਬਣਾਉਣ ਵਿਚ ਸਹਾਈ ਹੁੰਦੇ ਹਨ। ਇਹ ਵਿਰਾਸਤ ਸਤਿਕਾਰ, ਪਿਆਰ, ਸੰਵੇਦਨਾ ਸਮਾਜਿਕ ਵਿਕਾਸ, ਸੁਰੱਖਿਆ, ਸਿੱਖਿਆ ਅਤੇ ਜ਼ਿੰਮੇਵਾਰੀ ਨਿਭਾਉਣ ਦੇ ਗੁਣ ਦੇਣ ਵਾਲੀ ਸੰਸਥਾ ਤੋਂ ਘੱਟ ਨਹੀਂ ਸਨ। ਪਾਕਿਸਤਾਨ ਦੀ ਸਿਰਮੌਰ ਗਾਇਕਾ ਰੇਸ਼ਮਾ ਨੇ ਬਲਵੰਤ ਗਾਰਗੀ ਦਾ ਲਿਖਿਆ ਗੀਤ 'ਸ਼ੁਕਰ ਰੱਬਾ ਸਾਂਝਾ ਚੁੱਲ੍ਹਾ ਬਲਿਆ' ਨੂੰ ਆਪਣੀ ਸੋਜ਼ ਭਰੀ ਆਵਾਜ਼ ਨਾਲ ਰੱਬ ਦਾ ਸ਼ੁਕਰਾਨਾ ਕਰ ਪੰਜਾਬੀ ਵਿਰਾਸਤ ਦੇ ਸਤਿਕਾਰ ਵਿਚ ਹੋਰ ਇਜ਼ਾਫਾ ਕੀਤਾ ਸੀ।

ਅਜੋਕੇ ਸਮੇਂ ਦੀ ਪੀੜ੍ਹੀ ਲਈ ਇਹ ਪਰੰਪਰਾ ਵੱਡਾ ਸਬਕ ਹੋ ਸਕਦੀ ਸੀ ਪਰ ਇਸ ਰੀਤ ਦੀ ਖੜੋਤ ਤੇ ਅਲੋਪ ਹੋਣ ਦਾ ਮੰਜਰ ਸਾਹਮਣੇ ਹੈ। ਬਾਕੀ ਕਸਰ ਨਵਯੁੱਗ ਦੀਆਂ ਕਾਢਾਂ ਨੇ ਪੂਰੀ ਕਰ ਦਿੱਤੀ ਹੈ, ਜਿਨ੍ਹਾਂ ਦਾ ਸਦਉਪਯੋਗ ਨਾਲੋਂ ਦੁਰਉਪਯੋਗ ਜ਼ਿਆਦਾ ਹੋ ਰਿਹਾ ਹੈ।ਅੱਜ ਸਭ ਹੱਥੀਂ ਤੇ ਦਿਮਾਗ਼ੀ ਕੰਮ ਜਲਦੀ ਤੇ ਸੌਖਿਆਂ ਹੋਣ ਦਾ ਅਨੰਦ ਮਾਣ ਰਹੇ ਹਨ। ਪਰ ਉਸ ਕਾਰਨ ਵਿਹਲਾ ਮਨ ਸ਼ੈਤਾਨ ਦਾ ਘਰ ਹੋਰ ਵੱਡਾ ਹੋ ਗਿਆ। ਸਾਂਝੀ ਸੰਗਤ ਵਿਚ ਮਿਲਣ ਵਾਲੀ ਸੰਜੀਦਾ ਸਿੱਖਿਆ ਤੋਂ ਵਾਂਝੇ ਹੋ ਗਏ। ਸਾਕ ਸੰਬੰਧੀਆਂ ਦੀ ਮਿਲਣੀ ਖੁਸ਼ੀ ਤੇ ਗ਼ਮੀ ਦੇ ਸਮਾਗਮਾਂ ਤੱਕ ਸਿਮਟ ਕੇ ਰਹਿ ਗਈ। ਅਸੀਂ ਸੱਭਿਆਚਾਰ ਨਾਲੋਂ-ਨਾਲ ਸੰਸਕਾਰਾਂ ਤੋਂ ਵੀ ਪਾਸਾ ਵੱਟ ਗਏ। ਮਾਡਰਨ ਯੁੱਗ ਦੇ ਮਾਪੇ ਪੀੜ੍ਹੀਆਂ-ਦਰ-ਪੀੜ੍ਹੀਆਂ ਵਾਲੇ ਸੰਸਕਾਰ ਮਹਿੰਗੇ ਸਕੂਲਾਂ ਜਾਂ ਇੰਟਰਨੈੱਟ ਦੇ ਜ਼ਰੀਏ ਮੋਬਾਈਲ ਤੋਂ ਲੱਭਦੇ ਹਨ। ਪਰ ਉਹ ਸਿੱਖਿਆਵਾਂ ਬੱਚਿਆਂ ਲਈ ਮਨੋਰੰਜਨ ਤੋਂ ਅੱਗੇ ਨਹੀਂ ਵਧਦੀਆਂ। ਬੀਤੇ ਸਮੇਂ ਨੂੰ ਮੋੜਿਆ ਨਹੀਂ ਜਾ ਸਕਦਾ ਪਰ ਸਾਡੇ ਚਿੰਤਨਸ਼ੀਲ ਬਜ਼ੁਰਗ ਅੱਜ ਵੀ ਝਉਲੀਆਂ ਨਜ਼ਰਾਂ ਨਾਲ ਇਹ ਹੀ ਲੱਭਦੀਆਂ ਕਿ ਕਾਸ਼ ਕਿਤੇ ਉਹ ਬੀਤੇ ਵੇਲੇ ਮੁੜ ਆਵਣ।

ਹਕੀਕਤ ਵਿਚ ਸ਼ਾਨਾਮੱਤਾ ਸੱਭਿਆਚਾਰ ਸਾਨੂੰ ਜ਼ਿੰਦਗੀ ਜਿਊਣ ਦਾ ਸਲੀਕਾ ਦੱਸਦਾ ਹੈ, ਜਿਸ ਨਾਲ ਅਸੀਂ ਸ਼ਾਂਤ, ਸੰਤੁਸ਼ਟੀ ਤੇ ਸਬਰ ਭਰਿਆ ਜੀਵਨ ਬਸਰ ਕਰ ਸਕਦੇ ਹਾਂ। ਆਪਣੇ ਕਾਰਜਾਂ ਪ੍ਰਤੀ ਸਹਿਜ, ਸਦਾਚਾਰਕ ਤੇ ਪ੍ਰਪੱਕਤਾ ਦਾ ਪੱਖ ਉੱਨਤੀ ਦਾ ਲੈਅਬੱਧ ਸਿਧਾਂਤ ਹੈ। ਆਓ, ਸਭ-ਮਿਲ਼ ਕੇ ਸੁਹਿਰਦਤਾ ਨਾਲ ਸਿਰਜਣਾਤਮਿਕ ਪਗਡੰਡੀਆਂ ਵੱਲ ਮੁੜ ਚੱਲੀਏ, ਜਿਸ ਨਾਲ ਖ਼ੁਸ਼ੀ ਦੀਆਂ ਫੁਹਾਰਾਂ ਫਿਰ ਤੋਂ ਫੁੱਟਣ ਲੱਗ ਜਾਵਣ। ਸਾਂਝੇ ਪਰਿਵਾਰ ਦੀਆਂ ਮਜ਼ਬੂਤ ਜੜ੍ਹਾਂ ਮੁੜ ਰਿਸ਼ਤਿਆਂ ਨੂੰ ਆਪਣੀਆਂ ਵਲਗਣਾਂ ਵਿਚ ਸਮਾ ਲੈਣ।

ਫ਼ਿਲਮਾਂ, ਟੀ. ਵੀ. ਜਾਂ ਕਿਤਾਬਾਂ ਵਿਚ ਅਮੀਰ ਸੱਭਿਆਚਾਰ ਬਾਰੇ ਸੁਣ, ਪੜ੍ਹ ਜਾਂ ਦੇਖ ਕੇ ਮਿਲਣ ਵਾਲੇ ਸਕੂਨ ਨੂੰ ਅਸਲ ਜ਼ਿੰਦਗੀ ਵਿਚ ਪੈਦਾ ਕਰਨ ਦੇ ਉਪਰਾਲੇ ਕਰੀਏ, ਤਾਂ ਜੋ ਕੁਦਰਤ ਦੀ ਬਖਸ਼ੀ ਅਨਮੋਲ ਮਨੁੱਖੀ ਜ਼ਿੰਦਗੀ ਦਾ ਹਰ ਪਲ ਯਾਦਗਾਰੀ ਬਣ ਜਾਵੇ। ਸਾਂਝੇ ਚੁੱਲ੍ਹੇ ਦਾ ਵਿਹੜਾ ਹਮੇਸ਼ਾ ਵਧਦਾ, ਫੁਲਦਾ ਤੇ ਖੁਸ਼ੀਆਂ ਬਿਖੇਰਦਾ ਨਜ਼ਰ ਆਵੇ ਅਤੇ ਸਾਂਝੇ ਪਰਿਵਾਰ ਦੀਆਂ ਖੁਸ਼ੀਆਂ ਦੁਬਾਰਾ ਪ੍ਰਫੁੱਲਤ ਹੋ ਜਾਵਣ।

ਧੰਨਵਾਦ ਸਹਿਤ 'ਅਜੀਤ' 'ਚੋਂ

-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ

ਪਿੰਡ ਨੱਥੂ ਮਾਜਰਾ, ਜ਼ਿਲ੍ਹਾ ਮਲੇਰਕੋਟਲਾ।

ਮੋਬਾਈਲ : 78374-90309


ਔਲਾਦ ਭਾਵੇਂ ਬੇਰੁਜ਼ਗਾਰ ਹੋਵੇ ਪਰ ਭੈੜੀ ਨਾ ਹੋਵੇ।

ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

ਸੂਖ਼ਮ ਸੰਵੇਦਨਾ ਵਾਲਾ ਬੁਲੰਦ ਕਵੀ ਪਾਸ਼



ਪਾਸ਼ ਪੰਜਾਬੀ ਕਵਿਤਾ ਵਿਚ ਇਕ ਵਾਵਰੋਲੇ ਵਾਂਗ ਆਇਆ ਅਤੇ ਆਪਣੇ ਪਿੱਛੇ ਬਹੁਤ ਕੁਝ ਅਜਿਹਾ ਛੱਡ ਗਿਆ, ਜਿਸ ਨੂੰ ਸਮਝਣਾ, ਉਸ ਦੇ ਵਿੱਛੜ ਜਾਣ ਤੋਂ ਏਨੇ ਸਾਲਾਂ ਬਾਅਦ ਵੀ ਇਕ ਰਹੱਸ ਬਣਿਆ ਹੋਇਆ ਹੈ।

ਉਹ ਇਕ ਕਵੀ ਸੀ, ਇਕ ਸਮਾਜ ਸੁਧਾਰਕ ਸੀ ਅਤੇ ਇਕ ਅਜਿਹੀ ਸ਼ਖਸੀਅਤ ਦਾ ਮਾਲਕ ਸੀ, ਜੋ ਆਪਣੇ ਆਸ਼ਿਆਂ ਵੱਲ ਬਹੁਤ ਤੇਜ਼ੀ ਨਾਲ ਅੱਗੇ ਵਧਦੀ ਦਿਸਦੀ ਸੀ।

ਕੀ ਹੋ ਸਕਦੇ ਸਨ, ਉਸ ਦੇ ਆਸ਼ੇ? ਇਹ ਰਹੱਸ ਵੀ ਅਜੇ ਤੱਕ ਬਣਿਆ ਹੋਇਆ ਹੈ।

ਪਾਸ਼ ਸਿਰਫ਼ ਵੀਹ ਕੁ ਸਾਲ ਦਾ ਸੀ, ਜਦੋਂ ਉਸ ਦੀ ਪਹਿਲੀ ਕਾਵਿ-ਕਿਤਾਬ 'ਲੋਹ ਕਥਾ' ਛਪ ਗਈ ਸੀ। ਕਵਿਤਾ ਦੀਆਂ ਉਸ ਨੇ ਸਿਰਫ਼ ਤਿੰਨ ਕਿਤਾਬਾਂ ਲਿਖੀਆਂ ਸਨ। ਲੋਹ ਕਥਾ (1970), ਉੱਡਦੇ ਬਾਜਾਂ ਮਗਰ (1973) ਅਤੇ ਸਾਡੇ ਸਮਿਆਂ ਵਿਚ (1978)। ... ਉਸ ਦੀਆਂ ਰਚਨਾਵਾਂ ਦੀ ਚੌਥੀ ਕਿਤਾਬ 'ਖਿੱਲਰੇ ਹੋਏ ਵਰਕੇ' ਉਸ ਦੀ ਮੌਤ ਤੋਂ ਬਾਅਦ 1989 ਵਿਚ ਛਪੀ ਸੀ ਜਿਸ ਵਿਚ ਕਵਿਤਾਵਾਂ ਦੇ ਨਾਲ-ਨਾਲ ਉਸ ਦੀਆਂ ਹੋਰ ਲਿਖਤਾਂ ਵੀ ਹਨ। ਇਸ ਕਿਤਾਬ ਵਿਚ ਉਸ ਦੀਆਂ ਬਹੁਚਰਚਿਤ ਕਵਿਤਾਵਾਂ 'ਸਭ ਤੋਂ ਖ਼ਤਰਨਾਕ', 'ਧਰਮ ਦੀਖਸ਼ਾ ਲਈ ਬਿਨੈਪੱਤਰ' ਅਤੇ ਅੰਗਰੇਜ਼ੀ ਕਵੀ ਕਾਰਲ ਸੈਂਡਬਰਗ ਦੀ ਮਸ਼ਹੂਰ ਕਵਿਤਾ 'ਗਰਾਸ' ਦਾ ਪੰਜਾਬੀ ਰੂਪਾਂਤਰਨ 'ਘਾਹ' ਵੀ ਸ਼ਾਮਿਲ ਹੈ। ਇਸੇ ਕਿਤਾਬ ਵਿਚ ਉਸ ਦੀਆਂ ਗ਼ਜ਼ਲਾਂ , ਕੁਝ ਦੋਹੇ ਅਤੇ ਕੁਝ ਚਿੱਠੀਆਂ ਵੀ ਸ਼ਾਮਿਲ ਹਨ।

9 ਸਤੰਬਰ, 1950 ਨੂੰ ਦੁਆਬੇ ਦੇ ਨਿੱਕੇ ਜਿਹੇ ਪਿੰਡ ਤਲਵੰਡੀ ਸਲੇਮ ਵਿਚ ਸੋਹਣ ਸਿੰਘ ਸੰਧੂ ਦੇ ਘਰ ਜੰਮਿਆ ਅਵਤਾਰ ਸਿੰਘ ਸੰਧੂ ਆਪਣੇ ਕਲਮੀ ਨਾਂਅ ਪਾਸ਼ ਨਾਲ ਜਾਣਿਆ ਗਿਆ।

ਉਸ ਦਾ ਪਰਿਵਾਰ ਮੱਧਵਰਗੀ ਕਿਸਾਨੀ ਪਰਿਵਾਰ ਸੀ। ਪਿਤਾ ਸੋਹਣ ਸਿੰਘ ਸੰਧੂ ਫ਼ੌਜੀ ਸਨ ਅਤੇ ਕਵਿਤਾ ਲਿਖਣ ਦਾ ਸ਼ੌਕ ਵੀ ਰੱਖਦੇ ਸਨ। ਜਲੰਧਰ ਛਾਉਣੀ ਦੇ ਜੈਨ ਹਾਈ ਸਕੂਲ ਵਿਚ ਉਹ ਦਸਵੀਂ ਤੱਕ ਪੜ੍ਹਿਆ। ਫੇਰ ਉਸ ਨੇ ਗਿਆਨੀ ਕੀਤੀ ਅਤੇ ਫੇਰ ਸਰਕਾਰੀ ਸਕੂਲ ਸਮਰਾਏ ਜੰਡਿਆਲਾ ਵਿਚ ਜੇ.ਬੀ.ਟੀ. ਕਰਨ ਲੱਗਿਆ। ਇਥੋਂ ਹੀ ਉਹ ਸ਼ੇਖੂਪੁਰਾ (ਕਪੂਰਥਲਾ) ਦੇ ਸਕੂਲ ਵਿਚ ਚਲਾ ਗਿਆ। ਜੇ.ਬੀ.ਟੀ. ਕਰਨ ਤੋਂ ਪਹਿਲਾਂ-ਪਹਿਲਾਂ ਹੀ ਉਹ ਜੇਲ੍ਹ ਯਾਤਰਾਵਾਂ ਦੇ ਰੰਗ ਵੀ ਦੇਖ ਚੁੱਕਾ ਸੀ ਅਤੇ ਦੋ ਕਿਤਾਬਾਂ ਦਾ ਲੇਖਕ ਵੀ ਬਣ ਚੁੱਕਾ ਸੀ।

ਮਈ 1970 ਵਿਚ ਉਸਨੂੰ ਇਕ ਕਤਲ ਦੇ ਮੁਕੱਦਮੇ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਇਕ ਸਾਲ ਬਾਅਦ ਹੀ ਉਹ ਬਾਹਰ ਆ ਗਿਆ ਤਾਂ 1972 ਵਿਚ ਮੋਗਾ ਕਾਂਡ ਵਿਚ ਫੇਰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਕੇਂਦਰੀ ਜੇਲ੍ਹ ਜਲੰਧਰ ਵਿਚ ਰੱਖਿਆ ਗਿਆ। ...

1973 ਵਿਚ ਜਦੋਂ ਉਹ ਬਾਹਰ ਆਇਆ ਤਾਂ ਨਕਸਲੀ ਦੌਰ ਦੇ ਕਈ ਸਾਹਿਤਕ ਪਰਚਿਆਂ ਦਾ ਕਰਤਾ-ਧਰਤਾ ਬਣਿਆ, ਜਿਸ ਵਿਚ, 'ਸਿਆੜ', ਅਤੇ 'ਹੋਕਾ' ਆਦਿ ਗਿਣੇ ਜਾ ਸਕਦੇ ਹਨ।

ਉਸ ਨੇ ਆਪਣਾ ਕਰੀਅਰ 1967 ਵਿਚ ਬੀ.ਐਸ.ਐਫ. ਵਿਚ ਭਰਤੀ ਹੋਣ ਤੋਂ ਆਰੰਭ ਕੀਤਾ ਸੀ, ਪਰ ਸਥਾਪਤੀ ਪ੍ਰਤੀ ਸਵਾਲੀਆ ਸੁਭਾਅ ਨੇ ਉਸ ਨੂੰ ਇਥੇ ਟਿਕਣ ਨਾ ਦਿੱਤਾ।

1973 ਵਿਚ ਉਸ ਨੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਮੰਚ ਦੀ ਸਥਾਪਨਾ ਕੀਤੀ ਸੀ। ਇਹੀ ਉਹ ਦੌਰ ਹੈ, ਜਦੋਂ ਪਾਸ਼ ਰਵਾਇਤੀ ਖੱਬੇ-ਪੱਖੀਆਂ ਤੋਂ ਇਕ ਵਿੱਥ ਸਥਾਪਿਤ ਕਰਨ ਦੇ ਰਾਹ ਤੁਰ ਚੁੱਕਾ ਸੀ। ਉਹ ਟਰਾਟਸਕੀ ਦੇ ਕਲਾ ਅਤੇ ਸਾਹਿਤ ਬਾਰੇ ਵਿਚਾਰਾਂ ਦਾ ਕੱਟੜ ਹਮਾਇਤੀ ਸੀ। ਇਸੇ ਕਰਕੇ ਉਸ ਨੇ 'ਰੋਹਲੇ ਬਾਣ' ਤੋਂ ਵੱਖਰੇ ਪਰਚੇ 'ਸਿਆੜ' ਦੀ ਸਥਾਪਨਾ ਕੀਤੀ ਸੀ। ਕੁਝ ਸਾਲਾਂ ਬਾਅਦ ਛਪੀ 'ਸਾਡੇ ਸਮਿਆਂ ਵਿਚ' ਕਿਤਾਬ ਦੇ ਮੁੱਖ ਬੰਦ ਵਿਚ ਉਸ ਨੇ ਲਿਖਿਆ ਸੀ :-

'ਪਾਰਟੀ ਲੇਬਲਾਂ ਤੋਂ ਪਿੱਛਾ ਛੁਡਾਉਣ ਲਈ ਮੈਨੂੰ ਪਤਾ ਨਹੀਂ ਕੀ-ਕੀ ਸ਼ਰਾਰਤਾਂ ਕਰਨੀਆਂ ਪਈਆਂ। ਰਾਜਨੀਤਕ ਸਰਗਰਮੀਆਂ ਵਿਚੋਂ ਹੱਥ ਖਿੱਚ ਲੈਣ ਨਾਲ ਕੁਦਰਤੀ ਹੀ ਸੀ ਕਿ ਮੇਰੀ ਕਵਿਤਾ ਅੰਤਰਮੁਖਤਾ ਵੱਲ ਵਧ ਜਾਂਦੀ।'

ਇਹ ਅੰਤਰਮੁਖਤਾ ਉਸ ਦੀ ਸਮਾਜ ਸ਼ਾਸਤਰੀ ਪਹੁੰਚ ਦਾ ਇਕ ਪਸਾਰ ਹੈ, ਜਿਸ ਨੇ ਉਸ ਨੂੰ ਕਾਵਿ ਸਿਰਜਣਾ ਦੇ ਨਾਲ-ਨਾਲ ਇਕ ਗਹਿਰੇ ਸੋਚਸ਼ੀਲ ਵਿਅਕਤੀ ਵਜੋਂ ਹਮੇਸ਼ਾ ਜਿਊਂਦੇ ਰੱਖਿਆ।

ਇਸੇ ਪਹੁੰਚ ਨੇ ਉਸ ਦੀ ਕਵਿਤਾ ਨੂੰ ਵਾਸਤਵਿਕ-ਵਿਸ਼ਲੇਸ਼ਣ ਵਾਲੀ ਦਾਰਸ਼ਨਿਕ ਕਵਿਤਾ ਤੱਕ ਫੈਲਾ ਦਿੱਤਾ:-

ਇਹ ਸ਼ਰਮਨਾਕ ਹਾਦਸਾ
ਸਾਡੇ ਹੀ ਨਾਲ ਹੋਣਾ ਸੀ
ਕਿ ਦੁਨੀਆ ਦੇ ਸਭ ਤੋਂ ਪਵਿੱਤਰ
ਹਰਫ਼ਾਂ ਨੇ
ਬਣ ਜਾਣਾ ਸੀ ਸਿੰਘਾਸਣ ਦੇ ਪੌਂਡੇ
ਮਾਰਕਸ ਦਾ ਸ਼ੇਰ ਵਰਗਾ ਸਿਰ
ਦਿੱਲੀ ਦੀਆਂ ਭੂਲ-ਭੁਲਾਈਆਂ ਵਿਚ
ਮਿਆਂਕਦਾ ਫਿਰਦਾ
ਅਸੀਂ ਹੀ ਤੱਕਣਾ ਸੀ
ਮੇਰੇ ਯਾਰੋ
ਇਹ ਕੁਫ਼ਰ ਸਾਡੇ ਹੀ ਸਮਿਆਂ ਵਿਚ ਹੋਣਾ ਸੀ...।

ਸਮਾਜ ਨੂੰ ਬਦਲਣ ਲਈ ਤੁਰੇ ਪਾਸ਼ ਦੇ ਆਦਰਸ਼ਾਂ ਦਾ ਇਸ ਤਰ੍ਹਾਂ ਟੁੱਟਣਾ ਅਤੇ ਉਸ ਦੀ ਸਿਰਜਣਾਤਮਿਕ ਸਮਰੱਥਾ ਵਿਚ ਇਸ ਟੁੱਟ-ਭੱਜ ਦਾ ਇਸ ਤਰ੍ਹਾਂ ਓਤ-ਪੋਤ ਹੋ ਜਾਣਾ ਹੀ, ਪਾਸ਼ ਦਾ ਸੰਤਾਪ ਸੀ।

ਇਸੇ ਸੰਤਾਪ ਨੇ ਉਸ ਨੂੰ ਬੇਹੱਦ ਸ਼ਿੱਦਤ ਨਾਲ ਉਹ ਟੇਢ ਵੀ ਪ੍ਰਦਾਨ ਕਰ ਦਿੱਤੀ, ਜੋ ਆਪਣੀਆਂ ਰਾਜਨੀਤਕ ਅਤੇ ਸੱਭਿਆਚਾਰਕ ਰਹਿਤਲਾਂ ਵਿਚੋਂ ਬਾਹਰ ਆਉਣ ਲਈ ਭਾਰਤੀ ਸਮਾਜ ਲਈ ਬੇਹੱਦ ਜ਼ਰੂਰੀ ਹਨ। ਆਪਣੀ ਇਸ ਤੀਸਰੀ ਅੱਖ ਦੇ ਖੁੱਲ੍ਹਣ ਨਾਲ ਪੈਦਾ ਹੋਣ ਵਾਲੇ ਖ਼ਤਰੇ ਤੋਂ ਉਹ ਵਾਕਿਫ਼ ਸੀ:-

ਚਾਹੁਣ ਲਗਦਾ ਹਾਂ
ਪਲ ਦੀ ਪਲ
ਅਚਾਨਕ ਆਏ ਕਿਤੋਂ
ਉਹ ਨਿਊਟਨ ਦਾ ਦਰਵੇਸ਼ ਡਾਇਮੰਡ
ਫਿਰ ਸੁਣੋ ਇਕ ਵਾਰ ਬਲਦੀ ਮੋਮਬੱਤੀ
ਮੇਰੇ ਜ਼ਿਹਨ ਦੀ ਖੁੱਲ੍ਹੀ ਦਰਾਜ਼ ਵਿਚ
ਏਸ ਤੋਂ ਪਹਿਲਾਂ ਕਿ
ਮੇਰੇ ਜ਼ਿਹਨ ਵਿਚ ਮੌਜੂਦ
ਕੁੱਲ ਅਧੂਰੀਆਂ ਇਤਲਾਹਾਂ
ਕਿਸੇ ਸਿਧਾਂਤ ਵਿਚ ਵਟਣ
ਉਨ੍ਹਾਂ ਨੂੰ ਸਾੜ ਦਏ
ਉਨ੍ਹਾਂ ਦੇ ਨਾ ਸੜਨ ਵਿਚ
ਬਹਤ ਖ਼ਤਰਾ ਹੈ-

ਉਸ ਦਾ ਇਹ ਕਾਵਿ-ਬਿਆਨ ਕਮਿਊਨਿਸਟ ਸਿਧਾਂਤ ਦੇ ਪ੍ਰਾਪਤ ਪਰਿਪੇਖ ਦੇ ਵਿਰੋਧ ਵਿਚ ਇਕ ਨਵੇਂ ਵਿਸਥਾਰ ਦੀ ਸਿਰਜਣਾ ਦਾ ਸੰਕੇਤ ਦਿੰਦਾ ਹੈ। ਉਸ ਦੀਆਂ ਕਿਆਸ ਅਰਾਈਆਂ ਵਿਚ ਉਸ ਦੀ ਚਿੰਤਨਸ਼ੀਲਤਾ ਵਿਚ, ਇਸ ਨਵੇਂ ਵਿਸਥਾਰ ਦੀ ਰੂਪਰੇਖਾ ਕੀ ਸੀ? ਇਸ ਦੀ ਤਲਾਸ਼ ਵਿਚ ਰੁੱਝਿਆ ਹੋਇਆ ਪਾਸ਼ ਪੰਜਾਬ ਸੰਕਟ ਦੇ ਸਭ ਤੋਂ ਭਿਆਨਕ ਦਿਨਾਂ ਵਿਚ ਅਮਰੀਕਾ ਚਲਾ ਗਿਆ। ਕੁਝ ਹੀ ਸਾਲਾਂ ਬਾਅਦ 1988 ਦੇ ਸ਼ੁਰੂ ਵਿਚ ਉਹ ਆਪਣੇ ਵੀਜ਼ੇ ਦੇ ਨਵੀਨੀਕਰਨ ਲਈ ਇਧਰ ਆਇਆ। ਇਨ੍ਹਾਂ ਦਿਨਾਂ ਵਿਚ ਹੀ ਉਸ ਨੇ ਆਪਣੀ ਕਵਿਤਾ : ਸਭ ਤੋਂ ਖ਼ਤਰਨਾਕ ਲਿਖੀ:-

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ
ਸਭ ਕੁਝ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ 'ਤੇ
ਤੇ ਕੰਮ ਤੋਂ ਘਰ ਆਉਣਾ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ ...

ਸ਼ਾਇਦ ਇਹ ਕਵਿਤਾ ਉਸ ਵਲੋਂ ਲਿਖੀ ਗਈ ਸਭ ਤੋਂ ਆਖ਼ਰੀ ਕਵਿਤਾ ਹੈ।

23 ਮਾਰਚ, 1988 ਨੂੰ ਅਚਾਨਕ ਖ਼ਬਰ ਆਈ ਕਿ ਪਾਸ਼ ਅਤੇ ਉਸ ਦੇ ਦੋਸਤ ਹੰਸ ਰਾਜ ਨੂੰ ਗੋਲੀਆਂ ਵੱਜੀਆਂ ਹਨ ... ... ਅਤੇ ਉਨ੍ਹਾਂ ਦੀ ਮੌਤ ਹੋ ਗਈ ਹੈ। ...ਰੋਹ ਭਰੇ ਸੋਗ ਦਾ ਸਨਾਟਾ ਚਾਰੇ ਪਾਸੇ ਪਸਰ ਗਿਆ।

ਪਾਸ਼ ਦੇ ਵਿਛੋੜੇ ਨੇ ਪਾਸ਼ ਨੂੰ ਇਕ ਮਿੱਥ ਵਾਂਗ ਸਥਾਪਿਤ ਕਰ ਦਿੱਤਾ। ਪਰ ਪਾਸ਼ ਦੇ ਅੰਤਹਕਰਨ ਵਿਚ ਚਲਦੇ ਕਮਿਊਨਿਸਟ ਸਿਧਾਂਤ ਦੀਆਂ ਨਵੀਆਂ ਪਰਤਾਂ ਖੁੱਲ੍ਹਣ ਦੇ ਵਿਸਥਾਰ ਨੂੰ ਅਤੇ ਪਾਰਟੀਆਂ ਦੀ ਪੈਂਤੜੇਬਾਜ਼ੀ ਉੱਤੇ ਪੁਨਰ-ਵਿਚਾਰ ਦੇ ਪ੍ਰਵਾਹ ਨੂੰ, ਪਾਸ਼ ਦੀ ਇਸ ਮਿੱਥ ਸਥਾਪਨਾ ਨੇ ਰੋਕ ਲਿਆ।

ਉਸ ਨੇ ਪੰਜਾਬੀ ਕਵਿਤਾ ਨੂੰ ਵਿਦਰੋਹ ਦਾ ਉਹ ਮੁਹਾਵਰਾ ਪ੍ਰਦਾਨ ਕੀਤਾ ਜਿਸ ਦੀ ਕੋਈ ਹੋਰ ਮਿਸਾਲ ਨਹੀਂ ਹੈ:-

ਮੈਂ ਉਮਰ ਭਰ ਜਿਸਦੇ ਖ਼ਿਲਾਫ਼
ਸੋਚਿਆ ਅਤੇ ਲਿਖਿਆ
ਜੇ ਉਸ ਦੇ ਸੋਗ ਵਿਚ
ਸਾਰਾ ਹੀ ਦੇਸ਼ ਸ਼ਾਮਿਲ ਹੈ
ਤਾਂ ਇਸ ਦੇਸ਼ 'ਚ ਮੇਰਾ ਨਾਮ ਕੱਟ ਦੇਵੋ
(-ਬੇਦਖਲੀ ਲਈ ਬਿਨੈ ਪੱਤਰ)

ਹੱਥ ਜੇ ਹੋਣ ਤਾਂ
ਜੋੜਨ ਲਈ ਹੀ ਨਹੀਂ ਹੁੰਦੇ
ਨਾ ਦੁਸ਼ਮਣ ਸਾਹਮਣੇ
ਚੁੱਕਣ ਨੂੰ ਹੀ ਹੁੰਦੇ ਹਨ
ਇਹ ਗਿੱਚੀਆਂ ਮਰੋੜਨ ਲਈ
ਵੀ ਹੁੰਦੇ ਹਨ ...

ਤਿੱਖੀ ਰਾਜਨੀਤਕ ਚੇਤਨਾ ਅਤੇ ਸੂਖ਼ਮ ਸੰਵੇਦਨਾ ਵਾਲੀ ਉਸ ਦੀ ਕਵਿਤਾ ਬਹੁ-ਪਰਤੀ ਪਸਾਰਾਂ ਵਾਲੀ ਹੈ। ਪ੍ਰਚਲਿਤ ਮਿੱਥਾਂ ਨੂੰ ਅਤਿ ਸੂਖ਼ਮਤਾ ਨਾਲ ਤੋੜਨ ਵਾਲੀ ਇਹ ਕਵਿਤਾ ਸਮਕਾਲੀ ਸਥਿਤੀ ਨੂੰ ਅੰਦਰੋਂ ਬਾਹਰੋਂ ਸਮਝਣ ਲਈ ਕਿਰਿਆਸ਼ੀਲ ਹੈ। ਸਿੱਧੇ ਸੰਬੋਧਨ ਦੀ ਇਹ ਕਵਿਤਾ ਨਾਅਰੇ ਵਾਂਗ ਦਿਸਦੀ ਹੋਈ ਵੀ ਨਾਅਰਾ ਨਹੀਂ ਹੈ। ਐਲਾਨ ਵਾਂਗ ਬੋਲਦੀ ਹੋਈ ਵੀ ਨਿਰ੍ਹਾ ਐਲਾਨ ਨਹੀਂ ਹੈ:-

ਮੇਰੇ ਤੋਂ ਆਸ ਨਾ ਕਰਿਓ
ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਥੋਡੇ ਚਗਲੇ ਸੁਆਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ ਵਿਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਧੀਆਂ ਦਾ ਕੰਜਕ ਜਿਹਾ ਹਾਸਾ...

ਉਹ ਇਕੋ ਵੇਲੇ ਬੁਲੰਦ ਕਵੀ ਸੀ, ਅਤਿ ਦਰਜੇ ਦਾ ਗਹਿਰ-ਗੰਭੀਰ ਚਿੰਤਕ ਸੀ ਤੇ ਬੇਹੱਦ ਲਚਕੀਲਾ ਅਤੇ ਚੁਲਬੁਲਾ ਵਿਅਕਤੀ ਵੀ ਸੀ। ਉਸ ਦੀ ਸ਼ਖ਼ਸੀਅਤ ਦੀ ਏਹੀ ਵਿਲੱਖਣਤਾ, ਉਸ ਨੂੰ ਸਦੀਵੀ ਬਣਾਉਂਦੀ ਹੈ।

-ਡਾ. ਲਖਵਿੰਦਰ ਸਿੰਘ ਜੌਹਲ
-20 ਪ੍ਰੋਫ਼ੈਸਰ ਕਲੋਨੀ, ਵਡਾਲਾ ਚੌਕ ਜਲੰਧਰ।
ਮੋਬਾਈਲ : 94171-94812

Bawa Harnam Singh : A Distinguished Personality - 1915-1981


(Zohra Publication, Patiala)

ਲੇਖਕ : ਡਾ. ਕਮਲਜੀਤ ਸਿੰਘ

(ਪੁਸਤਕ ਸਮੀਖਿਆ)

ਪੰਜਾਬ ਦੀ ਲੁਬਾਣਾ ਬਰਾਦਰੀ ਦੇ ਰੂਹਾਨੀ ਆਗੂ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਵਿਛੋੜੇ ਤੋਂ ਬਾਅਦ ਉਹਨਾਂ ਦੇ ਛੋਟੇ ਭਰਾਤਾ ਬਾਵਾ ਹਰਨਾਮ ਸਿੰਘ ਜੀ ਨੇ ਬਰਾਦਰੀ ਦੀ ਸੇਵਾ ਦਾ ਕਾਰਜ ਦਾ ਜੋ ਕਾਜ ਭਾਗ ਸੰਭਾਲਿਆ, ਉਸ ਦਾ ਜ਼ਿਕਰ ਲੁਬਾਣਾ ਬਰਾਦਰੀ ਦੀ ਮੌਜੂਦਾ ਪੀੜ੍ਹੀ ਵਿਚ ਬਹੁਤ ਘੱਟ ਹੋਇਆ ਹੈ। ਬੇਗੋਵਾਲ ਕਸਬੇ ਦੇ ਵਸਨੀਕ ਤੇ ਪ੍ਰਸਿੱਧ ਇਤਿਹਾਸਕਾਰ ਡਾ. ਜਸਵੰਤ ਸਿੰਘ ਬੇਗੋਵਾਲ ਦੇ ਸਪੁੱਤਰ ਡਾ. ਕਮਲਜੀਤ ਸਿੰਘ ਪੀ.ਐਚ.ਡੀ. ਨੇ ਕਰੜੀ ਮਿਹਨਤ ਅਤੇ ਸਿਰੜ ਨਾਲ ਬੜੀਆਂ ਬਾਰੀਕ ਅਤੇ ਸੂਖਮ ਤੰਦਾਂ ਜੋੜਦੇ ਹੋਏ ਵੱਖ-ਵੱਖ ਸਰੋਤਾਂ ਤੋਂ ਜਾਣਕਾਰੀ ਇਕੱਠੀ ਕਰਕੇ ਬਾਵਾ ਹਰਨਾਮ ਸਿੰਘ ਦੀ ਜੀਵਨੀ ਨੂੰ ਪੁਸਤਕ ਦੇ ਰੂਪ ਵਿਚ ਸੰਕਲਿਤ ਕੀਤਾ ਹੈ।

ਬਾਵਾ ਹਰਨਾਮ ਸਿੰਘ ਦੀ ਜੀਵਨੀ ਨੂੰ ਲੇਖਕ ਨੇ ਵੱਖ-ਵੱਖ ਅੱਠ ਪੜਾਵਾਂ ਵਿਚ ਵੰਡ ਕੇ ਪਾਠਕਾਂ ਨਾਲ ਜਾਣਕਾਰੀ ਸਾਂਝੀ ਕੀਤੀ ਹੈ। ਪਹਿਲੇ ਪੜਾਅ ਵਿਚ ਬਾਵਾ ਜੀ ਦੇ ਮੁੱਢਲੇ ਜੀਵਨ ਵਿਦਿਆ ਅਤੇ ਪਰਿਵਾਰਕ ਜੀਵਨ ਬਾਰੇ ਚਾਨਣਾ ਪਾਇਆ ਹੈ। ਦੂਜੇ ਅਧਿਆਏ ਵਿਚ ਲੇਖਕ ਨੇ ਉਹਨਾਂ ਦੀ ਦੇਸ਼ ਵੰਡ ਤੋਂ ਬਾਅਦ ਲੁਬਾਣਾ ਬਰਾਦਰੀ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਦੂਸਹਾ ਤਹਿਸੀਲ ਅਤੇ ਪੈਪਸੂ ਦੀ ਰਿਆਸਤ ਕਪੂਰਥਲਾ ਦੀ ਤਹਿਸੀਲ ਭੁਲੱਥ ਵਿਚ ਮੁੜ ਵਸੇਲੇ ਲਈ ਕੀਤੀਆਂ ਕੋਸ਼ਿਸ਼ਾਂ ਤੇ ਚਾਨਣਾ ਪਾਇਆ ਹੈ। ਤੀਜੇ ਪੜਾਅ ਤੇ ਖਾਸ ਕਰਕੇ ਤਹਿਸੀਲ ਭੁਲੱਥ ਜ਼ਿਲ੍ਹਾ ਕਪੂਰਥਲਾ ਵਿਚ ਕਰਵਾਏ ਖਾਸ ਵਿਕਾਸ ਕਾਰਜਾਂ ਨੂੰ ਦਰਸਾਇਆ ਹੈ ਜਿਨ੍ਹਾਂ ਵਿਚ ਭੁਲੱਥ ਤਹਿਸੀਲ ਵਿਚ 62 ਸਰਕਾਰੀ ਟਿਊਬਵੈਲ ਮਨਜ਼ੂਰ ਕਰਵਾ ਕੇ ਚਾਲੂ ਕਰਵਾਉਣੇ, ਭੁਲੱਥ ਨੂੰ ਕੌਮੀ ਸਰਵਿਸ ਬਲਾਕ ਬਨਾਉਣਾ, ਸਬ ਤਹਿਸੀਲ ਭੁਲੱਥ ਨੂੰ ਮੁੜ ਸੁਰਜੀਤ ਕਰਵਾਉਣਾ ਤੇ ਬਿਆਸ ਦਰਿਆ ਵਿਚ ਆਉਂਦੇ ਹੜਾਂ ਤੋਂ ਬਚਾਅ ਲਈ ਦਸੂਹਾ ਤੋਂ ਢਿੱਲਵਾਂ ਤੱਕ ਧੁੱਸੀ ਬੰਨ ਬਨਵਾਉਣਾ ਵਿਸ਼ੇਸ਼ ਉਲੇਖਯੋਗ ਹਨ। ਚੌਥੇ ਅਧਿਆਏ ਵਿਚ ਬਾਵਾ ਹਰਨਾਮ ਸਿੰਘ ਦੀਆਂ ਸਿੱਖ ਧਰਮ ਲਈ ਕੀਤੇ ਉਚੇਚੇ ਯੋਗਦਾਨ ਦਾ ਜ਼ਿਕਰ ਕੀਤਾ ਗਿਆ ਹੈ ਜਿਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਕਾਰਜਕਾਰਨੀ ਦਾ ਹਿੱਸਾ ਬਨਣਾ। ਅੰਮ੍ਰਿਤ ਸੰਚਾਰ ਕਰਵਾਉਣਾ ਆਦਿ। ਪੰਜਵੇਂ ਅਧਿਆਏ ਵਿਚ ਉਹਨਾਂ ਨੇ ਕਪੂਰਥਲਾ ਅਤੇ ਭੁਲੱਥ ਹਲਕੇ ਤੋਂ ਬਰਾਦਰੀ ਦੀ ਸੇਵਾ ਕਰਨ ਲਈ ਪੰਜਾਬ ਵਿਧਾਨ ਸਭਾ ਦੀਆਂ ਵੱਖ-ਵੱਖ ਸਮੇਂ ਤੇ ਚੋਣਾਂ ਲੜੀਆਂ ਅਤੇ 1954, 1957 ਅਤੇ 1969 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣ ਕੇ ਇਲਾਕੇ ਅਤੇ ਬਰਾਦਰੀ ਦੀ ਸੇਵਾ ਕੀਤੀ। ਬਾਵਾ ਹਰਨਾਮ ਸਿੰਘ ਨੇ 25 ਜੂਨ 1970 ਨੂੰ ਪੰਜਾਬ ਕੈਬਨਿਟ ਵਿਚ ਰਾਜ ਮੰਤਰੀ ਦੀ ਸੇਵਾ ਨਿਭਾਈ। ਛੇਵੇਂ ਅਧਿਆਏ ਵਿਚ ਬਾਵਾ ਹਰਨਾਮ ਸਿੰਘ ਦੀ ਇਲਾਕੇ ਅਤੇ ਬਰਾਦਰੀ ਲਈ ਸੰਤ ਪ੍ਰੇਮ ਸਿੰਘ ਜੀ ਵੱਲੋਂ ਵਿਦਿਆ ਦੇ ਪ੍ਰਸਾਰ ਪ੍ਰਚਾਰ ਲਈ ਜਾਰੀ ਕੀਤੇ ਗਏ ਨੀਤੀ ਪ੍ਰੋਗਰਾਮ ਨੂੰ ਜਾਰੀ ਰੱਖਦੇ ਹੋਏ ਪਾਕਿਸਤਾਨ ਵਿਚ ਰਹਿ ਗਏ ਸੰਤਾਂ ਦੁਆਰਾ ਸਥਾਪਿਤ ਕਰਵਾਉਣ ਤੋਂ ਇਲਾਵਾ ਹਲਕਾ ਖੋਹਲ੍ਹੇ ਗਏ ਸਕੂਲਾਂ ਨੂੰ ਇਧਰਲੇ ਪੰਜਾਬ ਵਿਚ ਭੁਲੱਥ ਦੇ ਦੋ ਵੱਡੇ ਕਸਬਿਆਂ ਬੇਗੋਵਾਲ ਅਤੇ ਨਡਾਲਾ ਵਿਚ ਡਿਗਰੀ ਕਾਲਜ ਖੁਲ੍ਹਵਾਉਣੇ ਸਨ।



ਸਾਰੀ ਪੁਸਤਕ ਵਿਚ ਵਰਤੇ ਗਏ ਸਰੋਤ ਬੜੇ ਹੀ ਸ਼ੁਧ ਅਤੇ ਭਰੋਸੇਯੋਗ ਵਸੀਲਿਆਂ ਤੋਂ ਲਏ ਗਏ ਹਨ। ਮੁੱਖ ਤੌਰ ਤੇ ਪੈਪਸੂ ਅਤੇ ਪੰਜਾਬ ਵਿਧਾਨ ਸਭਾਵਾਂ ਵਿਚ ਹੋਈਆਂ ਵਿਚਾਰ ਤਕਰਾਰਾਂ, ਉਸ ਵੇਲੇ ਦੀਆਂ ਅਖ਼ਬਾਰਾਂ, ਰਸਾਲਿਆਂ, ਲਿਖਤੀ ਹਵਾਲੇ ਅਤੇ ਜਨਗਨਣਾ ਦੀਆਂ ਰਿਪੋਰਟਾਂ, ਰਸਾਲੇ ਅਤੇ ਪੱਤਰਾਂ ਤੇ ਅਧਾਰਤ ਬੜੀ ਸੂਝ-ਬੂਝ ਨਾਲ ਇਕੱਤਰ ਕੀਤੀ ਗਈ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਬਾਵਾ ਹਰਨਾਮ ਸਿੰਘ ਦੇ ਜੀਵਨ ਨਾਲ ਸਬੰਧਿਤ ਹਰ ਇਕ ਜਾਣਕਾਰੀ ਕਿਸੇ ਨਾ ਕਿਸੇ ਪੁਖਤਾ ਸਬੂਤ ਤੇ ਅਧਾਰਿਤ ਹੈ ਅਤੇ ਆਪਣੇ ਆਪ ਵਿਚ ਨਿਵੇਕਲੀ ਤੇ ਪਹਿਲੀ ਹੈ। ਬਾਵਾ ਹਰਨਾਮ ਸਿੰਘ ਦੀ ਮੌਤ ਤੋਂ 40 ਸਾਲ ਬਾਅਦ ਇਹ ਜਾਣਕਾਰੀ ਇਕੱਤਰ ਕਰਕੇ ਪਾਠਕਾਂ ਅਤੇ ਵਿਸ਼ੇਸ਼ ਕਰਕੇ ਲੁਬਾਣਾ ਬਰਾਦਰੀ ਦੇ ਸਨਮੁਖ ਰੱਖਣ ਦੀ ਡਾ. ਕਮਲਜੀਤ ਸਿੰਘ ਦੀ ਇਹ ਕੋਸ਼ਿਸ਼ ਨਿਵੇਕਲੀ ਅਤੇ ਸਰਾਹੁਣਯੋਗ ਹੈ। ਬਰਾਦਰੀ ਦੇ ਹਰ ਸੂਝਵਾਨ ਬਸ਼ਿੰਦੇ ਨੂੰ ਇਹ ਪੁਸਤਕ ਜ਼ਰੂਰੀ ਪੜ੍ਹਨੀ ਚਾਹੀਦੀ ਹੈ। ਰੱਬ ਰਾਖਾ।

ਸੁਰਿੰਦਰ ਸਿੰਘ ਰੂਬੀ

ਆਬਕਾਰੀ ਤੇ ਕਰ ਅਫ਼ਸਰ (ਸੇਵਾ ਮੁਕਤ)

ਸੰਪਾਦਕ

ਸਚੁ ਸੁਣਾਇਸੀ ਸੱਚ ਕੀ ਬੇਲਾ



ਸੁਰਿੰਦਰ ਸਿੰਘ ਰੂਬੀ
ਸੰਪਾਦਕ

(1) ਨਹੀਂ ਰੁਕ ਰਹੀਆਂ ਪੰਜਾਬ ਵਿਚ ਕਿਸਾਨ ਖੁਦਕੁਸ਼ੀਆਂ



ਪੰਜਾਬ ਵਿਚ ਕਿਸਾਨ ਖੁਦਕੁਸ਼ੀਆਂ ਦੇ ਪੰਜ ਸਾਲ (2015 ਤੋਂ 2020) ਤੱਕ ਦੇ ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਇਸ ਸਮੇਂ ਤੇ ਕੁਲ 1453 ਦੇ ਲਾਗੇ ਕਿਸਾਨਾਂ ਤੇ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਸਾਲ ਵਾਇਜ਼ ਸਾਲ 2015 ਵਿਚ 124, 2016 ਵਿਚ 180, 2017 ਵਿਚ 291, 2018 ਵਿਚ 334, 2019 ਵਿਚ 302 ਅਤੇ 2020 ਵਿਚ 257 ਕਿਸਾਨ, ਮਜ਼ਦੂਰਾਂ ਨੇ ਪੰਜਾਬ ਰਾਜ ਵਿਚ ਖੁਦਕੁਸ਼ੀ ਦਾ ਰਾਹ ਅਪਣਾ ਕੇ ਆਪਣੀ ਜੀਵਨ ਲੀਲਾ ਸਮਾਪਤ ਕੀਤੀ ਹੈ। ਦੇਸ਼ ਪੱਧਰ ਤੇ ਲਗਭਗ 11,000 ਕਿਸਾਨ ਤੇ ਖੇਤ ਮਜ਼ਦੂਰ ਹਰ ਸਾਲ ਖੁਦਕੁਸ਼ੀ ਦਾ ਰਸਤਾ ਚੁਣਦੇ ਹਨ। ਪੰਜਾਬ ਵਿਚ ਪਿਛਲੇ ਕਈ ਦਹਾਕਿਆਂ ਤੋਂ ਖੇਤੀ ਸੰਕਟ ਬੜੀ ਗੰਭੀਰਤਾ ਵਾਲੀ ਪੱਧਰ ਹੋਣ ਕਾਰਨ ਕਿਸਾਨੀ ਗੰਭੀਰ ਸਥਿਤੀ ਵਿਚੋਂ ਗੁਜ਼ਰ ਰਹੀ ਹੈ। ਸਰਕਾਰਾਂ ਦੇ ਵੱਡੇ-ਵੱਡੇ ਵਾਅਦਿਆਂ ਦੇ ਬਾਵਜੂਦ ਕਿਸਾਨਾਂ ਦੀਆਂ ਖੇਤੀ ਲਾਗਤਾਂ ਵੱਡੇ ਪੱਧਰ ਤੇ ਵੱਧ ਰਹੀਆਂ ਹਨ, ਖਾਦਾਂ, ਕੀਟਨਾਸ਼ਟਕ, ਨਦੀਨਨਾਸ਼ਕ, ਬੀਜ ਅਤੇ ਖੇਤੀ ਮਸ਼ੀਨਰੀ ਦੇ ਭਾਅ ਹਰ ਸਾਲ ਵੱਧ ਕੇ ਅਸਮਾਨੀ ਚੜ੍ਹ ਰਹੇ ਹਨ। ਪ੍ਰੰਤੂ ਕਿਸਾਨਾਂ ਨੂੰ ਪੈਦਾ ਕੀਤੀਆਂ ਫਸਲਾਂ ਦੇ ਭਾਅ ਵਿਚ ਉਸ ਪੱਧਰ ਤੇ ਨਾਂ ਹੀ ਵਾਧਾ ਹੋ ਰਿਹਾ ਹੈ ਅਤੇ ਨਾ ਹੀ ਵਾਧੇ ਦੀ ਸਰਕਾਰ ਵੱਲੋਂ ਕੋਈ ਕਾਨੂੰਨੀ ਗਾਰੰਟੀ ਹੈ। ਸਰਕਾਰਾਂ ਨਹੀਂ ਚਾਹੁੰਦੀਆਂ ਕਿ ਖੇਤੀ ਜਿਨਸਾਂ ਦੇ ਭਾਅ ਜ਼ਿਆਦਾ ਵੱਧ ਜਾਣ, ਜਿਸ ਕਾਰਨ ਖਪਤਕਾਰਾਂ ਲਈ ਮਹਿੰਗਾਈ ਵੱਧ ਜਾਵੇ। ਇਸ ਦੇ ਨਾ ਹੀ ਖੇਤੀ ਲਾਗਤ ਤੇ ਕੀਮਤ ਕਮਿਸ਼ਨ ਨੂੰ ਵੀ ਸਰਕਾਰੀ ਸੁਝਾਅ ਦਾ ਦਬਾਅ ਹੁੰਦਾ ਹੈ ਕਿ ਖੇਤੀ ਅਧਾਰਿਤ ਸਨਅਤਾਂ ਨੂੰ ਵੀ ਕੱਚਾ ਮਾਲ ਬਹੁਤ ਮਹਿੰਗਾ ਨਾ ਮਿਲੇ। ਫਸਲਾਂ ਦਾ ਵਾਜਬ ਭਾਅ ਨਾ ਮਿਲਣ ਕਾਰਨ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੁੰਦੀ ਜਾਂਦੀ ਹੈ। ਜ਼ਮੀਨ ਦੀ ਮਾਲਕੀ ਅੱਗੇ ਤੋਂ ਅੱਗੇ ਪਰਿਵਾਰਾਂ ਵਿਚ ਛੋਟੀ ਹੁੰਦੀ ਜਾ ਰਹੀ ਹੈ ਜਿਸ ਕਾਰਨ ਵੀ ਖੇਤੀ ਆਮਦਨ ਤੇ ਦਬਾਅ ਵੱਧ ਰਿਹਾ ਹੈ। ਮੌਜੂਦਾ ਸਰਕਾਰ ਨੇ ਇਸ ਦਾ ਜੋ ਹੱਲ ਲੱਭਿਆ ਸੀ ਕਿ ਖੇਤੀ ਨੂੰ ਕਾਰਪੋਰੇਟ ਸੈਕਟਰ ਦੇ ਹਵਾਲੇ ਕਰ ਦਿੱਤਾ ਜਾਵੇ ਅਤੇ ਸੁਧਰੀਆਂ ਤਕਨੀਕਾਂ ਨਾਲ ਲੈਸ ਕਾਰਪੋਰੇਟ ਘਰਾਣਿਆਂ ਤੋਂ ਖੇਤੀ ਕਰਵਾਈ ਜਾਵੇ। ਅਸਲ ਵਿਚ ਕਿਸਾਨਾਂ ਨੂੰ ਉਹਨਾਂ ਦੀ ਆਪਣੀ ਜ਼ਮੀਨ ਤੇ ਹੀ ਮੁਜਾਰੇ ਤੇ ਨੌਕਰ ਬਨਾਉਣ ਦੀ ਹੀ ਇਹ ਨੀਤੀ ਸੀ ਜੋ ਦੇਸ਼ ਦੇ ਕਿਸਾਨਾਂ ਨੇ ਮਨਜ਼ੂਰ ਨਹੀਂ ਕੀਤੀ ਤੇ ਦੇਸ਼ ਭਰ ਦੀਆਂ ਕਿਸਾਨ ਯੂਨੀਅਨਾਂ ਵੱਲੋਂ ਇਸ ਦੇ ਵਿਰੋਧ ਵਿਚ ਲੰਮਾ ਸਮਾਂ ਦਿੱਲੀ ਦੀਆਂ ਸੜਕਾਂ ਤੇ ਬੈਠ ਕੇ ਸਰਕਾਰ ਨੂੰ ਇਹ ਤਿੰਨ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ।

ਅੱਜ ਪੰਜਾਬ ਵਿਚ ਨਸ਼ਾਖੋਰੀ, ਗੈਂਗਸਟਰਵਾਦ, ਫਿਰੋਤੀਆਂ ਮੰਗਣਾ, ਕਤਲੋ ਗਾਰਦ ਜਿਹੀਆਂ ਵੱਧ ਰਹੀਆਂ ਘਟਨਾਵਾਂ ਦਾ ਮੁੱਖ ਕਾਰਨ ਪੰਜਾਬ ਦਾ ਖੇਤੀਬਾੜੀ ਸੰਕਟ ਦਾ ਹੱਲ ਨਾ ਹੋਣਾ ਹੈ। ਜੇਕਰ ਸਰਕਾਰਾਂ ਨੌਜਵਾਨਾਂ ਨੂੰ ਚੰਗੀ ਸਿੱਖਿਆ, ਚੰਗੇ ਰੁਜ਼ਗਾਰ ਦੇ ਮੌਕੇ, ਖੇਤੀ ਨੂੰ ਲਾਹੇਵੰਦ ਬਣਾ ਕੇ ਨੌਜਵਾਨਾਂ ਨੂੰ ਆਪਣੇ ਖੇਤੀ ਧੰਦੇ ਨਾਲ ਜੋੜ ਸਕਦੀ ਤਾਂ ਇਹ ਉਪਰਲੇ ਸਾਰੇ ਸੰਕਟ ਹੱਲ ਹੋ ਸਕਦੇ ਹਨ। ਅੱਜ ਇਹ ਖੇਤੀ ਸੰਕਟ ਵੱਧ ਕੇ ਅਮਨ ਕਾਨੂੰਨ ਦਾ ਗੰਭੀਰ ਸੰਕਟ ਬਣ ਚੁੱਕਾ ਹੈ। ਕੋਈ ਬੁਰੀ ਨਜ਼ਰ ਤੋਂ ਬਚਾਏ ਮੇਰੇ ਸੋਹਣੇ ਪੰਜਾਬ ਨੂੰ।

(2) ਲੁਬਾਣਾ ਬਰਾਦਰੀ ਨੂੰ ਪਿਛੜੀ ਸ਼੍ਰੇਣੀ ਅਤੇ ਹੋਰ ਪਿਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਸ਼ਾਮਲ ਰਹਿਣਾ ਚਾਹੀਦਾ ਹੈ ਕਿ ਨਹੀਂ?

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੀ ਕਾਰਜਕਾਰਨੀ ਮੀਟਿੰਗ ਵਿਚ ਗੰਭੀਰਤਾ ਨਾਲ ਮੁੱਦਾ ਵਿਚਾਰਿਆ ਗਿਆ

ਮਿਤੀ 22 ਮਾਰਚ 2025 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੀ ਕਾਰਜਕਾਰਨੀ ਦੀ ਇਕ ਮੀਟਿੰਗ ਜਲੰਧਰ ਸ਼ਹਿਰ ਦੀ 66 ਫੁੱਟੀ ਰੋਡ ਤੇ ਸਥਾਪਤ ਸੰਤ ਪ੍ਰੇਮ ਸਿੰਘ ਗੁਰਦੁਆਰਾ ਸਾਹਿਬ ਵਿਚ ਰੱਖੀ ਗਈ ਸੀ। ਜਿਸ ਵਿਚ ਕਾਰਜਕਾਰਨੀ

ਤੇ 81 ਮੈਂਬਰਾਂ ਵਿਚੋਂ 70 ਮੈਂਬਰਾਂ ਨੇ ਹਿੱਸਾ ਲਿਆ। ਏਜੰਡੇ ਦੇ ਨੁਕਤਿਆਂ ਤੇ ਵਿਚਾਰ ਕਰਨ ਉਪਰੰਤ ਫਾਊਂਡੇਸ਼ਨ ਦੇ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਨੇ ਬਰਾਦਰੀ ਦੇ ਕੁਝ ਮੈਂਬਰਾਂ ਵੱਲੋਂ ਵੱਟਸਅੱਪ ਗਰੁੱਪਾਂ ਤੇ ਲੁਬਾਣਾ ਬਰਾਦਰੀ ਨੂੰ ਪਿਛੜੀ ਸ਼੍ਰੇਣੀ ਵਿਚ ਰਹਿਣਾ ਚਾਹੀਦਾ ਹੈ ਕਿ ਨਹੀਂ ਦੇ ਵਿਸ਼ੇ ਤੇ ਚੱਲ ਰਹੀ ਵਿਚਾਰ ਚਰਚਾ ਨੂੰ ਬਰਾਦਰੀ ਦੀ ਪ੍ਰਮੁੱਖ ਸੰਸਥਾ ਵੱਲੋਂ ਵਿਚਾਰਨ ਲਈ ਮੀਟਿੰਗ ਵਿਚ ਪੇਸ਼ ਕੀਤਾ। ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਨੇ ਆਪਣੀ ਜਾਤੀ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਕਿਉਂਕਿ ਜੋ ਇਹ ਰਾਖਾਂਵਕਰਨ ਬਰਾਦਰੀ ਦੇ ਰੂਹਾਨੀ ਰਹਿਬਰ ਸੰਤ ਪ੍ਰੇਮ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਦੀ ਸਖ਼ਤ ਮਿਹਨਤ ਤੇ ਉਪਰਾਲਿਆਂ ਨਾਲ ਮਿਲਿਆ ਸੀ ਤੇ ਅੱਜ ਤੱਕ ਬਰਾਦਰੀ ਦੇ ਕਾਫੀ ਸੱਜਣਾਂ ਨੇ ਸਕੂਲੀ ਤੇ ਕਾਲਜ ਵਿਦਿਆ ਅਤੇ ਨੌਕਰੀਆਂ ਵਿਚ ਇਸ ਰਾਖਵੇਂਕਰਨ ਦਾ ਫਾਇਦਾ ਲਿਆ ਹੈ ਅਤੇ ਅੱਗੋਂ ਵੀ ਬਰਾਦਰੀ ਨੂੰ ਇਸ ਦਾ ਫਾਇਦਾ ਹੀ ਹੋਵੇਗਾ, ਇਸ ਲਈ ਉਹ ਇਹ ਸਹੂਲਤ ਜਾਰੀ ਰਹਿਣ ਦੇ ਹੱਕ ਵਿਚ ਹਨ। ਉਹਨਾਂ ਤੋਂ ਇਲਾਵਾ ਮੀਟਿੰਗ ਵਿਚ ਕਾਫੀ ਸੱਜਣਾਂ ਨੇ ਇਸ ਵਿਸ਼ੇ ਤੇ ਵਿਚਾਰ ਪ੍ਰਗਟ ਕਰਦੇ ਹੋਏ ਪ੍ਰਧਾਨ ਜੀ ਨਾਲ ਸਹਿਮਤੀ ਪ੍ਰਗਟਾਈ। ਪ੍ਰਧਾਨ ਜੀ ਨੇ ਕਾਰਜਕਾਰਨੀ ਮੈਂਬਰਾਂ ਤੋਂ ਹੱਥ ਖੜ੍ਹੇ ਕਰਵਾ ਕੇ ਆਪਣੀ ਗੱਲ ਨਾਲ ਮੈਂਬਰਾਂ ਦੀ ਸਹਿਮਤੀ ਵੀ ਲਈ। ਮੀਟਿੰਗ ਵਿਚ ਹਾਜ਼ਰ ਕੋਈ ਵੀ ਮੈਂਬਰ ਇਸ ਰਾਖਵੇਂਕਰਨ ਨੂੰ ਹਟਾਉਣ ਬਾਰੇ ਨਹੀਂ ਬੋਲਿਆ।

(3) ਕਾਫੀ ਭਾਰੀ ਹੋ ਗਈ ਹੈ ਪੰਜਾਬ ਸਿਰ ਕਰਜ਼ੇ ਦੀ ਪੰਡ

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ 2022 ਦੀਆਂ ਚੋਣਾਂ ਵੇਲੇ ਅਤੇ ਫਿਰ ਸਰਕਾਰ ਚਲਾਉਣ ਵੇਲੇ ਮੁਫ਼ਤ ਦੀਆਂ ਰਿਉੜੀਆਂ ਵੰਡਣ ਦਾ ਸਿਰਫ਼ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਪ੍ਰਾਂਤ ਦੀ ਆਰਥਿਕਤਾ ਇਸ ਬੋਝ ਨੂੰ ਨਾ ਝੱਲਣ ਵਾਲੀ ਸਥਿਤੀ ਵਿਚ ਹੁੰਦਿਆਂ ਹੋਇਆਂ ਹਰ ਤਰ੍ਹਾਂ ਦੇ ਕਰਜ਼ੇ ਚੁਕ ਕੇ, ਮੁੱਢਲੇ ਢਾਂਚੇ ਦੇ ਵਿਕਾਸ ਨੂੰ ਤਿਲਾਂਜ਼ਲੀ ਦੇ ਕੇ ਸਿਰਫ਼ ਹੋਰ ਕਰਜ਼ਾ ਚੁੱਕ ਕੇ ਰਿਉੜੀਆਂ ਵੰਡਣ ਦੇ ਕੰਮ ਨੂੰ ਜਾਰੀ ਰੱਖਿਆ ਜਿਸ ਕਾਰਨ ਸੂਬੇ ਦੇ ਜੀ.ਐਸ.ਡੀ.ਪੀ. ਦਾ 45% ਤੱਕ ਦਾ ਕਰਜ਼ਾ ਸੂਬੇ ਦੀ ਆਰਥਿਕਤਾ ਨੂੰ ਡਗਮਗਾ ਰਿਹਾ ਹੈ। ਚੋਣਾਂ ਵੇਲੇ ਘਰੇਲੂ ਮੁਫ਼ਤ ਬਿਜਲੀ, ਖੇਤੀ ਸੈਕਟਰ ਵਿਚ ਪਹਿਲਾਂ ਹੀ ਚੱਲ ਰਹੀ ਮੁਫ਼ਤ ਬਿਜਲੀ, ਔਰਤਾਂ ਨੂੰ ਬੱਸਾਂ ਵਿਚ ਮੁਫ਼ਤ ਯਾਤਰਾ ਅਤੇ ਹੋਰ ਵੋਟ ਲੁਭਾਣੀਆਂ ਮੁਫ਼ਤਖੋਰੀਆਂ ਦੇ ਖਰਚੇ ਨੇ ਪੰਜਾਬ ਦਾ ਆਰਥਿਕ ਤੌਰ 'ਤੇ ਬਹੁਤ ਨੁਕਸਾਨ ਕੀਤਾ ਹੈ। ਕੇਂਦਰੀ ਫਾਇਨਾਂਸ ਕਮਿਸ਼ਨ ਛੇਵੇਂ ਨੇ ਸੂਬਿਆਂ ਨੂੰ ਮਿਲਣ ਵਾਲੇ ਘਾਟਾ ਪੂਰਤੀ ਵਾਲੇ ਫੰਡ ਵਿਚ ਵੱਡੀ ਕਟੌਤੀ ਕਰ ਦਿੱਤੀ ਹੈ। ਪੇਂਡੂ ਵਿਕਾਸ ਫੰਡ ਦੀ ਵੱਡੀ ਰਕਮ ਪੰਜਾਬ ਨੇ ਕੇਂਦਰ ਵੱਲ ਕੱਢੀ ਹੋਈ ਹੈ ਪ੍ਰੰਤੂ ਕੇਂਦਰ ਜੀ.ਐਸ.ਟੀ. ਕਾਨੂੰਨ ਦਾ ਹਵਾਲਾ ਦੇ ਕੇ ਉਹ ਰਕਮ ਦੇਣ ਤੋਂ ਇਨਕਾਰੀ ਹੈ। 1980-90 ਦੇ ਦਹਾਕਿਆਂ ਵਿਚ ਪੰਜਾਬ ਦੀ ਲਾਅ ਐਂਡ ਆਰਡਰ ਦੀ ਵਿਗੜਦੀ ਸਥਿਤੀ ਵਿਚ ਕੇਂਦਰ ਵੱਲੋਂ ਪੰਜਾਬ ਰਾਜ ਵਿਚ ਖਰਚੀ ਰਕਮ ਨੂੰ ਲੰਮੀ ਮਿਆਦ ਦੇ ਕਰਜ਼ੇ ਵਿਚ ਤਬਦੀਲ ਕਰਨਾ ਜੋ ਕਿ ਕੁਲ ਜੀ.ਐਸ.ਡੀ.ਪੀ. ਦਾ 25% ਬਣਦਾ ਸੀ। ਉਸ ਦੌਰ ਵਿਚ ਉਦਯੋਗਿਕ ਤਰੱਕੀ ਵਿਚ ਰੋਕ ਆ ਜਾਣ ਕਾਰਨ ਰਾਜ ਅਤੇ ਕੇਂਦਰੀ ਟੈਕਸਾਂ ਵਿਚ ਵਾਧਾ ਰੁਕਵਾ ਕੇ ਪੰਜਾਬ ਨੂੰ ਆਰਥਿਕ ਪੱਖੋਂ ਬਹੁਤ ਕਮਜ਼ੋਰ ਕਰ ਦਿੱਤਾ ਸੀ। ਸੰਨ 2016 ਵਿਚ ਪੰਜਾਬ ਸਰਕਾਰ ਵੱਲੋਂ ਕੇਂਦਰੀ ਭੰਡਾਰ ਲਈ ਅਨਾਜ ਖਰੀਦਣ ਲਈ 31000 ਕਰੋੜ ਦੀ ਰਿਜ਼ਰਵ ਬੈਂਕ ਅਤੇ ਹੋਰ ਬੈਂਕਾਂ ਤੋਂ ਲਿਮਟ ਬਨਵਾਈ ਸੀ। ਬਾਅਦ ਵਿਚ ਇਸ ਲਿਮਟ ਅਤੇ ਗੋਦਾਮਾਂ ਵਿਚ ਮੌਜੂਦ ਸਟਾਕ ਵਿਚ ਵੱਡਾ ਫਰਕ ਆਉਣ ਕਾਰਨ ਬੈਂਕਾਂ ਨੇ ਅਗਲੇ ਸੀਜ਼ਨ ਇਹ ਮਿਲਦੀ ਹੋਈ ਲਿਮਟ ਦੇਣੀ ਬੰਦ ਕਰਨ ਦੀ ਧਮਕੀ ਦੇ ਦਿੱਤੀ। ਉਸ ਵੇਲੇ ਦੀ ਅਕਾਲੀ ਸਰਕਾਰ ਨੇ ਇਸ ਲਿਮਟ ਦੇ ਪੈਸਿਆਂ ਨੂੰ ਲੰਮੇ ਸਮੇਂ ਦੇ ਕਰਜ਼ੇ ਵਿਚ ਤਬਦੀਲ ਕਰਵਾ ਕੇ ਉਸ ਵੇਲੇ ਡੰਗ ਸਾਰਿਆ। ਇਹ ਸਭ ਤੋਂ ਵੱਧ ਵਿਆਜ਼ ਦਰ ਵਾਲਾ ਕਰਜ਼ਾ ਹੈ ਜੋ ਕਿ ਪੰਜਾਬ ਸਰਕਾਰ 2030 ਤੱਕ ਦੇਣ ਦਾਗੀ ਰੱਖਦੀ ਹੈ। ਉਦੋਂ ਤੱਕ ਇਹ ਰਕਮ ਵਿਆਜ਼ ਸਮੇਤ 64 ਕਰੋੜ ਤੱਕ ਵਾਪਸ ਕਰਨੀ ਹੋਵੇਗੀ। ਇਨ੍ਹਾਂ ਭਾਰਾ ਕਰਜ਼ਾ ਹੋਣ ਦੇ ਬਾਵਜੂਦ ਵੀ ਮੌਜੂਦਾ ਆਪ ਸਰਕਾਰ ਨੇ ਮੁਫ਼ਤ ਰਿਉੜੀਆਂ ਵੰਡਣ ਲਈ ਆਪਣੇ ਕਾਰਜ ਕਾਲ ਵਿਚ ਬੈਂਕਾਂ ਅਤੇ ਹੋਰ ਅਦਾਰਿਆਂ ਤੋਂ ਵੱਡਾ ਕਰਜ਼ਾ ਚੁੱਕ ਲਿਆ। ਹੁਣ ਪੰਜਾਬ ਦਾ ਵਾਲ-ਵਾਲ ਕਰਜ਼ਾਈ ਹੋਇਆ ਪਿਆ। ਸਰਕਾਰ ਨੂੰ ਚਾਹੀਦਾ ਸੀ ਕਿ ਮੁਫ਼ਤ ਰਿਉੜੀਆਂ ਦੀ ਥਾਂ ਤੇ ਪੇਂਡੂ ਅਤੇ ਸ਼ਹਿਰੀ ਵਿਕਾਸ ਦੀਆਂ ਯੋਜਨਾਵਾਂ ਉਲੀਕੀਆਂ ਜਾਂਦੀਆਂ, ਟੈਕਸ ਕੁਲੈਕਸ਼ਨ ਵਿਚ ਵਾਧਾ ਕੀਤਾ ਜਾਂਦਾ। ਬਾਕੀ ਸਿਆਸੀ ਪਾਰਟੀਆਂ ਨਾਲ ਮਿਲ ਕੇ ਸੂਬੇ ਨੂੰ ਕਰਜ਼ੇ ਵਿਚੋਂ ਉਭਾਰਨ ਲਈ ਯੋਜਨਾ ਤਿਆਰ ਕੀਤੀ ਜਾਂਦੀ। ਲੋਕਾਂ ਨੂੰ ਭਰੋਸੇ ਵਿਚ ਲਿਆ ਜਾਂਦਾ ਪ੍ਰੰਤੂ ਅਜਿਹਾ ਕੁਝ ਵੀ ਨਹੀਂ ਹੋ ਰਿਹਾ ਜੋ ਕਿ ਹਰ ਪੰਜਾਬੀ ਲਈ ਫ਼ਿਕਰਮੰਦੀ ਪੈਦਾ ਕਰਦਾ ਹੈ।



ਅਖੌਤੀ ਵਿਕਾਸ ਨਾਲ ਵੱਧ ਰਹੇ ਨੇ ਮਾਨਸਿਕ ਰੋਗੀ

ਇੰਦਰਜੀਤ ਸਿੰਘ ਘੁੰਗਰਾਲੀ

ਆਰਥਿਕ, ਪਰਿਵਾਰਕ ਤੇ ਸਮਾਜਿਕ ਕਾਰਨਾਂ ਕਰਕੇ ਅੱਜਕਲ੍ਹ ਬੇਸ਼ੁਮਾਰ ਲੋਕ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ। ਕਈ ਲੋਕ ਆਪਣੀ ਸਾਰੀ ਉਮਰ ਇਕ ਜਾਂ ਇਕ ਤੋਂ ਵੱਧ ਮਾਨਸਿਕ ਰੋਗਾਂ ਤੋਂ ਪੀੜ੍ਹਤ ਹੋ ਕੇ ਉਂਜ ਹੀ ਗੁਜ਼ਾਰ ਦਿੰਦੇ ਹਨ। ਉਹ ਇਹ ਮੰਨਣ ਨੂੰ ਤਿਆਰ ਹੀ ਨਹੀਂ ਹੁੰਦੇ ਕਿ ਉਨ੍ਹਾਂ ਨੂੰ ਕੋਈ ਮਾਨਸਿਕ ਰੋਗ ਹੈ ਤੇ ਨਾ ਹੀ ਉਹ ਆਪਣਾ ਮੁਆਇਨਾ ਕਿਸੇ ਮਾਹਿਰ ਡਾਕਟਰ ਕੋਲੋਂ ਕਰਵਾਉਂਦੇ ਹਨ। ਇਲਾਜ ਤਾਂ ਉਨ੍ਹਾਂ ਨੇ ਕੀ ਕਰਵਾਉਣਾ ਹੋਇਆ? ਇਹ ਉਨ੍ਹਾਂ ਲੋਕਾਂ ਦੀ ਗੱਲ ਹੈ, ਜਿਹੜੇ ਧਨ ਖਰਚ ਕਰਕੇ ਆਪਣਾ ਇਲਾਜ ਕਰਵਾ ਸਕਦੇ ਹਨ ਤੇ ਕਾਊਂਸਲਿੰਗ ਦੀ ਸਹੂਲਤ ਵੀ ਲੈ ਸਕਦੇ ਹਨ। ਜਿਨ੍ਹਾਂ ਲੋਕਾਂ ਕੋਲ ਢਿੱਡ ਭਰ ਕੇ ਰੋਟੀ ਖਾਣ ਲਈ, ਤਨ ਢੱਕਣ ਲਈ ਕੱਪੜੇ, ਹੋਰ ਬੁਨਿਆਦੀ ਸਹੂਲਤਾਂ ਖਰੀਦਣ ਲਈ ਧਨ ਹੀ ਨਹੀਂ ਹੁੰਦਾ, ਉਹ ਨਾ ਤਾਂ ਆਪਣੇ ਸਰੀਰਕ ਰੋਗਾਂ ਦਾ ਸਹੀ ਇਲਾਜ ਕਰਵਾ ਸਕਦੇ ਹਨ ਤੇ ਨਾ ਹੀ ਮਾਨਸਿਕ ਰੋਗਾਂ ਦਾ।

ਜਿਵੇਂ-ਜਿਵੇਂ ਸਾਡਾ ਮੁਲਕ ਵਿਕਸਿਤ ਹੁੰਦਾ ਜਾ ਰਿਹਾ ਹੈ, ਉਵੇਂ-ਉਵੇਂ ਇਥੇ ਵੱਡੀ ਗਿਣਤੀ ਵਿਚ ਲੋਕ ਮਾਨਸਿਕ ਰੋਗਾਂ ਤੋਂ ਪੀੜ੍ਹਤ ਹੋ ਰਹੇ ਹਨ। ਇਨ੍ਹਾਂ 'ਚ ਜ਼ਿਆਦਾ ਗਿਣਤੀ ਨੌਜਵਾਨ ਵਰਗ ਦੇ ਲੋਕਾਂ ਦੀ ਹੈ ਕਿਉਂਕਿ ਇਸ ਵਰਗ ਦੇ ਲੋਕਾਂ ਸਾਹਮਣੇ ਉਚੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਢੁਕਵੇਂ ਰੁਜ਼ਗਾਰ 'ਤੇ ਨੌਕਰੀਆਂ ਹਾਸਲ ਕਰਨ ਦੀ ਚੁਣੌਤੀ ਹੁੰਦੀ ਹੈ। ਮੁਕਾਬਲੇਬਾਜ਼ੀ, ਹਫੜਾ ਦਫੜੀ ਦਾ ਇਹ ਯੁੱਗ ਮਾਨਸਿਕ ਬੀਮਾਰੀਆਂ ਦਾ ਯੁੱਗ ਸਿੱਧ ਹੋ ਰਿਹਾ ਹੈ। ਜ਼ਿੰਦਗੀ ਨੂੰ ਸੁਖਾਵਾਂ ਤੇ ਬਿਹਤਰ ਬਣਾਉਣ ਲਈ ਚੁਣੌਤੀ ਸਮੱਸਿਆ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ। ਘੱਟ ਪੜ੍ਹੇ-ਲਿਖੇ, ਤਕਨੀਕੀ ਸਿੱਖਿਆ ਪ੍ਰਾਪਤ ਛੋਟੇ-ਛੋਟੇ ਕਾਰੋਬਾਰ ਕਰਨ ਵਾਲਿਆਂ ਨੂੰ ਵੀ ਇਸ ਚੁਣੌਤੀ ਬਨਾਮ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼ਿਜੋਫਰੇਨੀਆ, ਮੈਂਟਲ ਡਿਸਆਰਡਰ, ਡਿਪ੍ਰੈਸ਼ਨ, ਇਨਸੋਮਨੀਆਂ, ਡਰ ਲੱਗਣਾ, ਚਿੜਚਿੜਾਪਨ, ਝੱਟ ਗੁੱਸੇ 'ਚ ਆ ਜਾਣਾ ਤੇ ਇਕਦਮ ਸ਼ਾਂਤ ਹੋ ਜਾਣਾ। ਉਦਾਸ ਤੇ ਚੁੱਪ ਚੁੱਪ ਰਹਿਣਾ, ਇਕੱਲੇ ਰਹਿਣਾ ਪਸੰਦ ਕਰਨਾ ਆਦਿ ਬੇਸ਼ੁਮਾਰ ਮਾਨਸਿਕ ਰੋਗ ਹਨ, ਜਿਨ੍ਹਾਂ ਦਾ ਇਲਾਜ ਫੌਰੀ ਤੌਰ 'ਤੇ ਹੋਣਾ ਬੇਹੱਦ ਜ਼ਰੂਰੀ ਹੁੰਦਾ ਹੈ। ਕਤਲ ਕਰਨਾ, ਖੁਦਕੁਸ਼ੀ ਕਰਨੀ, ਜਬਰ ਜਨਾਹ ਕਰਨਾ, ਸਾੜਾ, ਈਰਖਾ ਕਰਨੀ, ਇਥੋਂ ਤੱਕ ਕਿ ਭ੍ਰਿਸ਼ਟਾਚਾਰ ਤੇ ਹੋਰ ਨਜਾਇਜ਼ ਢੰਗਾਂ ਨਾਲ ਦੌਲਤ ਇਕੱਠੀ ਕਰਨੀ ਵੀ ਮਾਨਸਿਕ ਰੋਗਾਂ ਕਾਰਨ ਹੀ ਹੁੰਦਾ ਹੈ। ਇਸ ਬਾਰੇ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਤੇ ਮਨੋਵਿਗਿਆਨੀਆਂ ਨੂੰ ਹੋਰ ਖੋਜ ਕਰਨ ਦੀ ਲੋੜ ਹੈ। ਇਹ ਗੱਲ ਤਾਂ ਸਿੱਧ ਹੋ ਚੁੱਕੀ ਹੈ ਕਿ ਅਸ਼ਾਂਤ ਚਿੱਤ ਲੋਕ ਅਤੇ ਮਾਨਸਿਕ ਵਿਕਾਰਾਂ ਤੋਂ ਪੀੜ੍ਹਤ ਲੋਕ ਜਾਇਜ਼ ਜਾਂ ਨਜਾਇਜ਼ ਢੰਗਾਂ ਨਾਲ ਦੌਲਤ ਇਕੱਠੀ ਕਰਨ 'ਚ ਦਿਨ ਰਾਤ ਲੱਗੇ ਰਹਿੰਦੇ ਹਨ। ਉਹ ਕਦੇ ਸੰਤੁਸ਼ਟ ਨਹੀਂ ਹੁੰਦੇ ਤੇ ਮਾਨਸਿਕ ਸਕੂਨ, ਚੈਨ ਉਨ੍ਹਾਂ ਤੋਂ ਕੋਹਾਂ ਦੂਰ ਰਹਿੰਦਾ ਹੈ।

ਵਿਕਸਿਤ ਮੁਲਕਾਂ ਦੇ ਮੁਕਾਬਲੇ ਸਾਡੇ ਮੁਲਕ ਵਿਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਦੀ, ਮਨੋਵਿਗਿਆਨੀਆਂ ਅਤੇ ਨਿਊਰੋ ਸਰਜਨ ਡਾਕਟਰਾਂ ਦੀ ਬੇਹੱਦ ਕਮੀ ਹੈ। ਬਹੁਤ ਘੱਟ ਸਰਕਾਰੀ ਹਸਪਤਾਲਾਂ ਵਿਚ ਇਨ੍ਹਾਂ ਮਾਹਿਰਾਂ ਦੀ ਨਿਯੁਕਤੀ ਕੀਤੀ ਗਈ ਹੈ। ਦਿਮਾਗ਼ 'ਚ ਟਿਊਮਰ, ਟੀ.ਬੀ. ਹੋਣਾ, ਕੈਂਸਰ ਆਦਿ ਭਿਆਨਕ ਬੀਮਾਰੀਆਂ ਹੁੰਦੀਆਂ ਹਨ। ਇਨ੍ਹਾਂ ਦਾ ਇਲਾਜ, ਆਪ੍ਰੇਸ਼ਨ ਆਦਿ ਨਿਊਰੋਸਰਜਨ ਹੀ ਕਰ ਸਕਦੇ ਹਨ। ਪ੍ਰਾਈਵੇਟ ਹਸਪਤਾਲਾਂ 'ਚ ਮਹਿੰਗਾ ਇਲਾਜ ਤੇ ਆਪ੍ਰੇਸ਼ਨ ਹਰੇਕ ਨਾਗਰਿਕ ਨਹੀਂ ਕਰਵਾ ਸਕਦਾ। ਨਤੀਜਨ ਕਈ ਪੀੜਤ ਲੋਕ ਅਣਿਆਈ ਮੌਤ ਮਰ ਜਾਂਦੇ ਹਨ।

ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ, ਮਹਿਕਮਿਆਂ ਨੂੰ ਸਮੇਂ-ਸਮੇਂ ਸਿਰ ਬਾਕੀ ਆਯੋਜਿਤ ਕੀਤੇ ਜਾਂਦੇ ਮੈਡੀਕਲ ਕੈਂਪਸ ਵਾਂਗ ਹੀ ਮਾਨਸਿਕ ਰੋਗਾਂ ਤੋਂ ਪੀੜ੍ਹਤ ਲੋਕਾਂ ਦੇ ਮੁਫ਼ਤ ਇਲਾਜ ਜਾਂ ਸਸਤੇ ਇਲਾਜ ਲਈ ਮਾਨਸਿਕ ਸਿਹਤ ਸਹੂਲਤਾਂ ਕੈਂਪ ਜ਼ਰੂਰ ਲਾਉਣੇ ਚਾਹੀਦੇ ਹਨ। ਇਹੋ ਜਿਹੇ ਕੈਂਪਸ ਅੱਜ ਸਮੇਂ ਦੀ ਲੋੜ ਹਨ।

ਪੰਜਾਬ ਤੇ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਹਰ ਵੱਡੇ ਸਰਕਾਰੀ ਹਸਪਤਾਲ 'ਚ ਮਾਨਸਿਕ ਰੋਗਾਂ ਦੇ ਮਾਹਿਰ ਤੇ ਨਿਊਰੋ ਸਰਜਨ ਡਾਕਟਰਾਂ ਦੀ ਨਿਯੁਕਤੀ ਕਰੇ। ਮਾਨਸਿਕ ਸਿਹਤ ਸਹੂਲਤਾਂ ਹਾਸਲ ਕਰਨਾ ਵੀ ਹਰੇਕ ਦਾ ਬੁਨਿਆਦੀ ਹੱਕ ਹੈ।

● ● ●

ਮੌਕੇ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ, ਸਗੋਂ ਉਸ ਨੂੰ ਲੱਭਣਾ ਚਾਹੀਦਾ ਹੈ।

ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

ਜੀਵਨ ਸਾਥੀ ਦਾ ਪਰਿਵਾਰ ਨੂੰ ਸਦੀਵੀ ਵਿਛੋੜਾ

1. ਜਾਨ-ਲੇਵਾ ਬਰੇਨ ਹੈਮਰੇਜ ਸਟਰੋਕ : 5 ਮਈ 2015 ਸਾਡੇ ਵਿਆਹ ਦੀ 68ਵੀਂ ਸਾਲਗਿਰਹਿ ਦਾ ਦਿਨ ਸੀ। ਉਸ ਦਿਨ ਹਰ ਰੋਜ਼ ਦੀ ਤਰ੍ਹਾਂ ਮੈਂ ਸਵੇਰ ਦੀ ਸੈਰ ਤੋਂ ਆ ਕੇ 7 ਵਜੇ ਚਾਹ ਬਣਾਈ। ਦੋਵਾਂ ਨੇ ਇਕੱਠੇ ਬੈਠ ਕੇ ਚਾਹ ਪੀਤੀ ਅਤੇ ਟੀ.ਵੀ. ਤੇ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ ਸਰਵਣ ਕੀਤਾ। ਲਗਭਗ ਪੌਣੇ ਅੱਠ ਵਜੇ ਉਹ ਕੰਮ ਵਾਲੀ ਕੁੜੀ ਦੇ ਮਸ਼ੀਨ ਵਾਸ਼ਿੰਗ ਲਈ ਮੈਲੇ ਕੱਪੜੇ ਇਕੱਠੇ ਕਰਨ ਲੱਗ ਪਏ ਅਤੇ ਨਵੀਂ ਬੈੱਡ-ਸ਼ੀਟ ਵੀ ਪੈਕਟ ਵਿਚੋਂ ਕੱਢ ਕੇ ਲਿਆਏ। ਏਨੇ ਨੂੰ ਮੈਂ ਘਰ ਤੋਂ ਬਾਹਰ ਕਿਚਨ ਗਾਰਡਨ ਵਿਚ ਪਾਈਪ ਲਾ ਕੈ ਕਿਆਰੀਆਂ ਨੂੰ ਪਾਣੀ ਦੇਣ ਲੱਗ ਪਿਆ। ਕੁਝ ਮਿੰਟਾਂ ਬਾਅਦ ਹੀ ਉਹਨਾਂ ਨੇ ਉੱਚੀ ਸਾਰੀ ਆਵਾਜ਼ ਦਿੱਤੀ, "ਤੁਸੀਂ ਕਿੱਥੇ ਹੋ? ਮੈਨੂੰ ਪਤਾ ਨਹੀਂ ਕੀ ਹੋ ਗਿਆ ਏ?" ਉਹਨਾਂ ਦੀ ਇਹ ਆਵਾਜ਼ ਮੈਂ ਤਾਂ ਨਹੀਂ ਸੁਣੀ ਪਰ ਲਾਗੇ ਹੀ ਆਪਣੇ ਕਮਰੇ ਵਿਚ ਬੈਠਾ ਚਾਹ ਪੀ ਰਿਹਾ ਬੇਟਾ ਜਸਵਿੰਦਰ ਸਿੰਘ ਇਹ ਆਵਾਜ਼ ਸੁਣ ਕੇ ਭੱਜਾ ਆਇਆ ਅਤੇ ਬੈੱਡ ਤੇ ਡਿੱਗੀ ਮਾਂ ਨੂੰ ਆਪਣੀ ਗੋਦ ਵਿਚ ਲੈ ਲਿਆ। ਘਰ ਦੇ ਸਾਰੇ ਜੀ ਇਕੱਠੇ ਹੋ ਗਏ ਮੈਂ ਵੀ ਆ ਗਿਆ। ਸ਼ੂਗਰ ਘੱਟ ਜਾਣ ਦੇ ਡਰ ਨਾਲ ਖੰਡ ਦਾ ਘੋਲ ਪਲਾਇਆ। ਠੀਕ ਹੋ ਪੁੱਛਣ ਤੇ ਹਾਂ ਕਹਿ ਕੇ ਜਵਾਬ ਦਿੱਤਾ। ਪਰ ਉਹਨਾਂ ਨੂੰ ਚੁੱਪ ਹੁੰਦੇ ਹੱਥਾਂ ਵਿਚੋਂ ਖਿਸਕਦੇ ਅਤੇ ਹੋਸ਼ ਖੋਂਹਦੇ ਵੇਖ ਕੇ ਝਟਪਟ ਮਾਲ ਰੋਡ ਤੇ ਫੈਮਿਲੀ ਡਾਕਟਰ ਸ਼ਰਮਾ ਕੋਲ ਲੈ ਗਏ। ਡਾ. ਸ਼ਰਮਾ ਨੇ ਈ.ਸੀ.ਜੀ., ਬੀ.ਪੀ. ਅਤੇ ਸ਼ੂਗਰ ਟੈਸਟ ਕਰਕੇ ਬਰੇਨ ਸਟਰੋਕ ਦੱਸ ਕੇ ਜਲੰਧਰ ਨਿਉਰੋ ਹਸਪਤਾਲ ਲੈ ਜਾਣ ਲਈ ਕਿਹਾ। ਉਥੋਂ ਸਿੱਧੇ ਚੱਲ ਕੇ ਸਵਾ ਨੌਂ ਵਜੇ ਤੱਕ ਅਸੀਂ ਜਲੰਧਰ ਜੀ.ਟੀ. ਰੋਡ ਤੇ ਆਕਸਫੋਰਡ ਹਸਪਤਾਲ ਪਹੁੰਚ ਗਏ। ਹਸਪਤਾਲ ਵਿਚ ਉਹਨਾਂ ਸਾਹ ਲਈ ਆਕਸੀਜਨ ਲਗਾ ਦਿੱਤੀ। ਸਕੈਨਿੰਗ ਕਰਕੇ ਬਰੇਨ ਹੈਮਰੇਜ ਘੋਸ਼ਤ ਕਰ ਦਿੱਤਾ। ਫੋਟੋ ਵਿਚ ਖੂਨ ਸਾਰੇ ਬਰੇਨ ਵਿਚ ਫੈਲ ਚੁੱਕਿਆ ਵਿਖਾਈ ਦੇ ਰਿਹਾ ਸੀ। ਡੀਪ ਕੋਮਾ ਵਿਚ ਜਾ ਚੁੱਕੇ ਮਰੀਜ਼ ਨੂੰ ਡਾਕਟਰਾਂ ਲਾਈਫ ਸਪੋਰਟਸ ਤੇ ਲਾ ਦਿੱਤਾ। ਇਸ ਜਾਨਲੇਵਾ ਮਰਜ਼ ਦਾ ਨਾਂ ਸੁਣ ਕੇ ਸਾਡਾ ਸਾਰਿਆਂ ਦਾ ਦਿਲ ਬੈਠ ਗਿਆ। ਦੁਪਹਿਰ ਤੱਕ ਕਪੂਰਥਲਾ, ਅੰਮ੍ਰਿਤਸਰ ਅਤੇ ਪਟਿਆਲਾ ਤੋਂ ਸਾਰੇ ਬੱਚੇ ਪਹੁੰਚ ਗਏ। ਅਸੀਂ ਡਾਕਟਰਾਂ ਨੂੰ ਦੱਸਿਆ ਕਿ ਪੂਰੇ ਤਿੰਨ ਸਾਲ ਪਹਿਲਾਂ 6 ਮਈ 2012 ਨੂੰ ਉਹਨਾਂ ਨੂੰ ਹਲਕੇ ਜਿਹੇ ਬਰੇਨ ਸਟਰੋਕ ਵਰਗੀ ਤਕਲੀਫ ਹੋਈ ਸੀ। ਉਸ ਦਿਨ ਉਹਨਾਂ ਦੀ ਪੋਤੀ ਜਸਮੀਨ ਦੀ ਰਿੰਗ ਸੈਰੇਮਨੀ ਸਮਾਗਮ ਦੀ ਜਲੰਧਰ ਦੇ ਇਕ ਹੋਟਲ ਵਿਚ ਤਾਰੀਖ ਨੀਯਤ ਸੀ। ਸਵੇਰੇ-ਸਵੇਰੇ ਸਾਰੇ ਵੱਡੇ ਛੋਟਿਆਂ ਨੂੰ ਛੇਤੀ-ਛੇਤੀ ਤਿਆਰ ਹੋਣ ਲਈ ਕਹਿ ਰਹੇ ਸਨ ਅਤੇ ਆਪ ਵੀ ਤਿਆਰ ਹੋ ਰਹੇ ਸਨ ਕਿ ਅਚਾਨਕ ਚੱਕਰ ਆਇਆ ਅਤੇ ਬੈੱਡ ਤੇ ਲੇਟ ਗਏ। ਸੱਜੀ ਲੱਤ ਅਤੇ ਬਾਂਹ ਕਮਜ਼ੋਰ ਪੈ ਗਏ। ਡਾਕਟਰ ਸ਼ਰਮਾ ਨੇ ਇਕ ਟੀਕਾ ਲਾ ਦਿੱਤਾ ਅਤੇ ਬਰੇਨ ਸਕੈਨਿੰਗ ਦੀ ਸਲਾਹ ਦਿੱਤੀ। ਪਿਆਰੀ ਪੋਤੀ ਦੇ ਦਾਦੀ ਜੀ ਸਰੀਰਕ ਪੀੜਾ ਨਾਲ ਵੀ ਸਾਰਾ ਦਿਨ ਰਸਮ ਵਿਚ ਸ਼ਾਮਲ ਰਹੇ ਅਤੇ ਸ਼ੁਭ ਸ਼ਗਨਾਂ ਦੇ ਸਮਾਗਮ ਦੇ ਰੰਗ ਵਿਚ ਭੰਗ ਪੈਣ ਦੇ ਡਰ ਤੋਂ ਕਿਸੇ ਸਕੈਨਿੰਗ ਸੈਂਟਰ ਜਾਂ ਹਸਪਤਾਲ ਵਿਚ ਜਾਣ ਤੋਂ ਮਨ੍ਹਾ ਕਰ ਦਿੱਤਾ। ਸ਼ਾਮ ਨੂੰ ਬਰੇਨ ਐਮ.ਆਰ.ਆਈ. ਸਕੈਨ ਉਪਰੰਤ ਹਾਂਡਾ ਨਿਉਰੋ ਹਸਪਤਾਲ ਵਿਚ ਦਾਖਲ ਹੋ ਗਏ। ਏਥੇ 15 ਦਿਨ ਦੇ ਇਲਾਜ ਤੋਂ ਬਾਅਦ ਬਿਲਕੁਲ ਠੀਕ ਹੋ ਕੇ ਘਰ ਆ ਗਏ। ਅਸੀਂ ਇਹ ਵੀ ਦੱਸਿਆ ਕਿ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਵਰਗੇ ਰੋਗਾਂ ਨੂੰ ਤਾਂ ਉਹ ਪਿਛਲੇ ਲਗਭਗ 20-25 ਸਾਲਾਂ ਤੋਂ ਪ੍ਰਹੇਜ਼ ਨਾਲ ਅਤੇ ਗੋਲੀ ਖਾ ਕੇ ਸਫਲਤਾ ਪੂਰਵਕ ਕੰਟਰੋਲ ਕਰ ਰਹੇ ਸਨ, ਉਸ ਦੇ ਨਾਲ-ਨਾਲ ਪਿਛਲੇ ਤਿੰਨ ਸਾਲਾਂ ਤੋਂ ਡਾ. ਹਾਂਡਾ ਦੀਆਂ ਬਰੇਨ ਸਟਰੋਕ ਦੀਆਂ ਦਵਾਈਆਂ ਵੀ ਨਿਰੰਤਰ ਲੈ ਰਹੇ ਸਨ।

2. ਜੋਤੀ ਜੋਤ ਰਲੀ : ਆਕਸਫੋਰਡ ਹਸਪਤਾਲ ਦੇ ਡਾਕਟਰਾਂ ਨੇ ਨਿਉਰੋ ਮਾਹਿਰ ਡਾ. ਹਾਂਡਾ ਦੀ ਸਲਾਹ ਨਾਲ ਡੀਪ ਕੋਮਾ ਦੀ ਹਾਲਤ ਵਿਚ ਬਰੇਨ ਉਪਰੇਸ਼ਨ ਨਾ ਕਰਨ ਦਾ ਫੈਸਲਾ ਲੈ ਲਿਆ ਅਤੇ ਮਰੀਜ਼ ਲਈ ਇਨਟਰਾਵੀਨਸ ਟੀਕਿਆਂ, ਲਾਈਫ਼ ਸਪੋਰਟ ਅਤੇ ਪ੍ਰਮਾਤਮਾ ਦੇ ਕਰਮ ਅਤੇ ਕਰਾਮਾਤ ਦਾ ਆਸਰਾ ਲੈ ਲਿਆ। ਹੌਲੀ ਹੌਲੀ ਮੁੱਖ ਆਰਗਨਜ਼ ਜਵਾਬ ਦੇਣ ਲੱਗ ਪਏ। ਪਹਿਲਾਂ ਬਰੇਨ ਡੈਡ ਹੋਇਆ, ਫੇਫੜਿਆਂ ਦੇ ਬੰਦ ਹੋਣ ਤੇ ਵੈਂਟੀਲੇਟਰ ਤੇ ਲਾ ਦਿੱਤਾ, ਪਰ ਦਿਲ ਧੜਕਦਾ ਰਿਹਾ। ਅਗਲੇ ਦਿਨ 6 ਮਈ 2015 ਦਿਨ ਬੁੱਧਵਾਰ ਨੂੰ ਦਿਨ ਦੇ 11 ਵਜੇ ਕਰੀਬ ਦਿਲ ਦੀ ਧੜਕਨ ਬੰਦ ਹੋ ਗਈ। ਰੱਬ ਦਾ ਭਾਣਾ ਵਰਤ ਗਿਆ ਅਤੇ ਇਕ ਪਿਆਰੀ ਆਤਮਾ ਸਾਰੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਈ। ਇਕ

ਚਮਕ ਵਖੇਰਦੀ ਕਿਰਨ ਸੂਰਜ ਨਾਲ ਜਾ ਮਿਲੀ ਅਤੇ ਜੋਤੀ ਜੋਤ ਰਲ ਗਈ। ਗੁਰਬਾਣੀ ਦੇ ਮਹਾਂਵਾਕ ਹਨ :-

ਸੂਰਜ ਕਿਰਣ ਮਿਲੇ ਜਲ ਕਾ ਜਲ ਹੂਆ ਰਾਮ ॥
ਜੋਤੀ ਜੋਤ ਰਲੀ ਸੰਪੂਰਣ ਥੀਆ ਰਾਮ ॥

3. **ਸੰਸਕਾਰ :** ਘਰ ਤੋਂ ਬੜੀ ਆਸ ਉਮੀਦ ਲੈ ਕੇ ਗਏ ਸਾਂ ਕਿ ਜਲੰਧਰ ਦੇ ਹਸਪਤਾਲ ਤੋਂ ਬੱਚਿਆਂ ਦੇ ਬੜੇ ਮਾਮਾ ਬਿਲਕੁਲ ਠੀਕ ਹੋ ਕੇ ਵਾਪਸ ਆਉਣਗੇ। ਪਰ 6 ਮਈ ਨੂੰ ਇਹ ਆਸਾਂ ਢਹਿ ਢੇਰੀ ਹੋ ਗਈਆਂ ਜਦੋਂ ਬੀਬੀ ਜੀ ਆਪਣੇ ਸਵਾਸਾਂ ਦੀ ਪੂੰਜੀ ਭੋਗ ਸੰਸਾਰ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿ ਜਾ ਬਿਰਾਜੇ ਅਤੇ ਜ਼ਾਰੋ ਜ਼ਾਰੀ ਰੋਂਦੇ ਬੱਚੇ ਉਹਨਾਂ ਦੀ ਪਾਵਨ ਮ੍ਰਿਤਕ ਦੇਹ ਨੂੰ ਐਂਬੂਲੈਂਸ ਵਿਚ ਪਾ ਕੇ ਵਾਪਸ ਘਰ ਲਿਆਏ। ਉਹਨਾਂ ਦੇ ਅੰਤਿਮ ਸੰਸਕਾਰ ਦੇ ਸਮੇਂ ਬਾਬਤ ਪਿੰਡ ਭੂਛਾਂ, ਕਪੂਰਥਲਾ ਸ਼ਹਿਰ ਅਤੇ ਹੋਰ ਦੂਰ ਨੇੜੇ ਰਹਿ ਰਹੇ ਪਰਿਵਾਰ ਦੇ ਰਿਸ਼ਤੇਦਾਰਾਂ, ਸੱਜਣਾਂ ਮਿੱਤਰਾਂ ਅਤੇ ਮੁਹੱਲਾ ਨਿਵਾਸੀਆਂ ਨੂੰ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ। ਅਗਲੇ ਦਿਨ 7 ਮਈ 2015 ਦਿਨ ਵੀਰਵਾਰ ਨੂੰ ਅਰਥੀ ਵੈਨ ਮੰਗਵਾ ਕੇ 84 ਸਾਲਾ ਬਜ਼ੁਰਗ, ਪੋਤਿਆਂ ਦੋਹਤਿਆਂ ਦੀਆਂ ਦਾਤਾਂ ਦੀਆਂ ਖੁਸ਼ੀਆਂ ਮਾਣਦੇ ਭਾਗਾਂ ਵਾਲੀ ਬੜੇ ਮਾਮਾ ਨੂੰ ਵੱਡੇ ਕਰਨ ਵਜੋਂ, ਵੈਨ ਨੂੰ ਹਾਰਾਂ ਅਤੇ ਫੁੱਲਾਂ ਨਾਲ ਸਜਾਇਆ ਗਿਆ। ਦਿਨ ਦੇ 11 ਵਜੇ ਤੱਕ ਲਗਭਗ ਸਾਰੇ ਰਿਸ਼ਤੇਦਾਰ ਬੀਬੀ ਜੀ ਨੂੰ ਮੋਢਾ ਦੇਣ ਲਈ ਆ ਗਏ। ਘਰ ਤੋਂ ਬਾਹਰ ਮੇਨ ਸੜਕ ਤੇ ਵਾਹਨਾਂ ਦੀ ਭੀੜ ਕਰਕੇ ਆਉਣ ਜਾਣ ਵਿਚ ਆ ਹੀ ਕਠਿਨਾਈ ਅਤੇ ਵਧਦੀ ਦੁਪਹਿਰ ਨੂੰ ਵੇਖਦੇ ਹੋਏ ਹੋਰ ਅਧਿਕ ਉਡੀਕ ਨਹੀਂ ਸੀ ਕੀਤੀ ਜਾ ਸਕਦੀ ਅਤੇ ਬੀਬੀ ਜੀ ਨੂੰ ਆਪਣੇ ਬਾਥਰੂਮ ਵਿਚ ਆਖਰੀ ਇਸ਼ਨਾਨ ਕਰਵਾ ਕੇ ਅਤੇ ਉਹਨਾਂ ਦੀ ਖਾਹਿਸ਼ ਅਨੁਸਾ ਉਹਨਾਂ ਦੀ 75 ਸਾਲਾਂ ਤੋਂ ਸਾਂਭੀ ਕੁੜਮਾਈ ਦੇ ਸ਼ਗਨਾਂ ਦੀ ਚੁੰਨੀ ਨਾਲ ਸਿਰ ਢੱਕ ਕੇ ਵੈਨ ਵਿਚ ਲਿਟਾ ਦਿੱਤਾ। ਵੈਨ ਅਤੇ ਗੱਡੀਆਂ ਦਾ ਕਾਫਲਾ ਲੰਮੇ ਜਲੂਸ ਦੀ ਸ਼ਕਲ ਵਿਚ ਘਰ ਤੋਂ ਕਾਂਜਲੀ ਰੋਡ, ਡੀ.ਸੀ. ਚੌਂਕ ਅਤੇ ਬੱਸ ਅੱਡੇ ਦੇ ਰਸਤੇ ਲੱਛਮੀ ਨਗਰ ਸ਼ਮਸ਼ਾਨਘਾਟ ਪਹੁੰਚਿਆ ਜਿਥੇ ਪਹਿਲਾਂ ਤੋਂ ਬਹੁਤ ਲੋਕ ਉਡੀਕ ਕਰ ਰਹੇ ਸਨ। ਚਿਖਾ ਚਿਣੀ ਗਈ ਅਤੇ ਅਰਦਾਸ ਉਪਰੰਤ ਬੀਬੀ ਜੀ ਦੇ ਦੋ ਬੇਟਿਆਂ ਨੇ ਚਿਖਾ ਨੂੰ ਅੱਗ ਦਿਖਾਈ।

ਮਿਤੀ 9 ਮਈ 2015 ਦੀ ਅਖ਼ਬਾਰ ਅਜੀਤ ਅਤੇ ਜੱਗ ਬਾਣੀ ਅਨੁਸਾਰ ਇਸ ਮੌਕੇ ਵੱਡੀ ਗਿਣਤੀ ਵਿਚ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ, ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਦੇ ਪਤਵੰਤੇ ਅਤੇ ਪਰਿਵਾਰ ਦੇ ਰਿਸ਼ਤੇਦਾਰ ਹਾਜ਼ਰ ਸਨ। ਥੋੜ੍ਹੀ ਦੂਰ ਪੈਂਦੇ ਗੁਰਦੁਆਰਾ ਬਾਵਿਆਂ ਵਿਖੇ ਅਲਾਹਣੀਆਂ ਅਤੇ ਕੀਰਤਨ ਸੋਹਲੇ ਦੇ ਪਾਠ ਹੋਏ ਅਤੇ ਅਰਦਾਸ ਉਪਰੰਤ ਲੰਗਰ ਹਾਲ ਵਿਖੇ ਸੰਗਤਾਂ ਨੂੰ ਗੁਰੂ ਦੇ ਲੰਗਰ ਵਰਤਾਏ ਗਏ। ਜਾਣ ਲਗਿਆਂ ਸਾਰਿਆਂ ਨੂੰ ਬਾਦਾਮ ਆਦਿ ਡਰਾਈ ਫਰੂਟ ਅਤੇ ਮਖਾਣਿਆਂ ਦੇ ਪ੍ਰਸ਼ਾਦ ਦੇ ਪੈਕਟ ਵੰਡੇ ਗਏ। ਮਰਗ ਤੋਂ ਚੌਥੇ ਦਿਨ ਮਿਤੀ 9 ਮਈ ਦਿਨ ਸ਼ਨੀਵਾਰ ਨੂੰ ਸਾਰੇ ਕਰੀਬੀ ਰਿਸ਼ਤੇਦਾਰਾਂ ਵੱਲੋਂ ਸਵੇਰੇ 8 ਵਜੇ ਸ਼ਮਸ਼ਾਨਘਾਟ ਪਹੁੰਚ ਕੇ ਬੀਬੀ ਜੀ ਦੇ ਅੰਗੀਠੇ ਨੂੰ ਜਲ ਛਿੜਕ ਕੇ ਠੰਡਾ ਕੀਤਾ ਅਤੇ ਫੁੱਲ ਚੁਗਣ ਦੀ ਰਸਮ ਅਦਾ ਕੀਤੀ। ਗੋਇੰਦਵਾਲ ਸਾਹਿਬ ਨੇੜੇ ਬਣੇ ਬੜੇ ਹੀ ਰਮਨੀਕ ਸਥਾਨ ਤੇ ਸਾਰਿਆਂ ਵੱਲੋਂ ਬੀਬੀ ਜੀ ਦੇ ਪਾਵਨ ਫੁੱਲ (ਅਸਥੀਆਂ) ਅਤੇ ਚਿਖਾ ਦੀ ਭਸਮ ਬਿਆਸ ਦਰਿਆ ਵਿਚ ਜਲ ਪਰਵਾਹ ਕਰ ਦਿੱਤੀ ਗਈ। ਗੋਇੰਦਵਾਲ ਸਾਹਿਬ ਗੁਰਦੁਆਰਾ ਪਹੁੰਚ ਕੇ 84 ਪੌੜੀਆਂ ਉਤਰ ਕੇ ਬਾਉਲੀ ਸਾਹਿਬ ਵਿਚ ਸਾਰਿਆਂ ਨੇ ਇਸ਼ਨਾਨ ਕੀਤਾ, ਗੁਰੂ ਘਰ ਵਿਚ ਮੱਥਾ ਟੇਕਿਆ, ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਲੰਗਰ ਹਾਲ ਵਿਚ ਜਾ ਕੇ ਲੰਗਰ ਛੱਕ ਕੇ ਤ੍ਰਿਪਤ ਹੋਏ ਅਤੇ ਧੰਨ ਗੁਰੂ ਅਮਰਦਾਸ ਜੀ ਦਾ ਧੰਨਵਾਦ ਕੀਤਾ। ਇਸ ਯਾਤਰਾ ਦੇ ਯਾਦਗਾਰੀ ਚਿੰਨ੍ਹ ਵਜੋਂ ਬੀਬੀ ਜੀ ਵੱਲੋਂ ਉਹਨਾਂ ਦਾ ਨਾਮ ਲਿਖਵਾ ਕੇ ਨਾਲ ਆਏ ਹਰ ਪਰਿਵਾਰ ਨੂੰ ਇਕ-ਇਕ ਸਟੀਲ ਦਾ ਵੱਡਾ ਗੜਵਾ ਭੇਂਟ ਕੀਤਾ ਗਿਆ।

(ਚਲਦਾ)

* * * * *

ਹਜ਼ਾਰਾਂ ਹੱਥਾਂ ਦੀਆਂ ਤਾੜੀਆਂ ਮਾਣਿਨੇ ਨਹੀਂ ਰੱਖਦੀਆਂ, ਮਾਣਿਨੇ ਰੱਖਦਾ ਹੈ ਉਹ ਹੱਥ ਜੋ ਮੁਸੀਬਤ ਵੇਲੇ ਤੁਹਾਡੇ ਮੋਢੇ 'ਤੇ ਹੁੰਦਾ ਹੈ।

ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਕੋਈ ਨ ਜਾਨੈ ਕੋਈ ਨ ਮਾਨੈ ਸੇ ਪ੍ਰਗਟੁ ਹਰਿ ਦੁਆਰੇ॥

ਇਸ ਦਾ ਕਾਰਨ ਬੀਬੀ ਜੀ ਦੀ ਕੁਰਬਾਨੀ, ਜਿਸ ਦਾ ਸੁਹਾਗ ਭਾਗ ਖ਼ਤਮ ਹੋ ਗਿਆ ਹੋਵੇ, ਸਿਵਾਇ ਜ਼ਮੀਨ ਦੇ ਹੋਰ ਕੋਈ ਆਸਾਰ ਭੀ ਨਾ ਹੋਵੇ, ਜੀਵਨ ਦੇ ਨਿਰਬਾਹ ਲਈ ਕੋਈ ਹੋਰ ਵਸੀਲਾ ਨਾ ਹੋਵੇ, ਫਿਰ ਉਹ ਆਪਣੇ ਹਿੱਸੇ ਵਿਚੋਂ ਦੋ ਏਕੜ ਜ਼ਮੀਨ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਯਾਦਗਾਰ ਕਾਇਮ ਕਰਨ ਲਈ ਦੇਵੇ। ਬੀਬੀ ਜੀ ਦੀ ਇਹ ਕੁਰਬਾਨੀ ਹੀ ਇਸ ਅਸਥਾਨ ਦੀ ਮੁੱਖ ਸੇਵਾਦਾਰ ਬਣਨ ਦਾ ਕਾਰਨ ਹੈ। ਇਸੇ ਕਰਕੇ ਅੱਜ ਉਨ੍ਹਾਂ ਦੀ ਪ੍ਰਸੰਸ਼ਾ ਹੈ, ਉਨ੍ਹਾਂ ਦਾ ਸਤਿਕਾਰ ਹੈ। ਇਹ ਅਸਥਾਨ ਸੇਵਕ ਦਾ ਹੀ ਚਲਿਆ ਆ ਰਿਹਾ ਹੈ। ਬੀਬੀ ਜਗੀਰ ਕੌਰ ਜੀ ਨੇ ਜ਼ਮੀਨ ਹੀ ਨਹੀਂ ਦਿੱਤੀ ਬਲਕਿ ਮਹਾਂਪੁਰਖਾਂ ਦੀ ਯਾਦ ਵਿਚ ਅਸਥਾਨ ਦੀ ਬਿਲਡਿੰਗ ਬਨਾਉਣ ਲਈ ਰਾਤ ਦਿਨ ਇਕ ਕਰਕੇ ਬਾਹਰ ਅਮਰੀਕਾ ਆਦਿ ਦੇਸ਼ਾਂ ਵਿਚ ਜਾ ਕੇ ਉਥੋਂ ਮਾਇਆ ਲਿਆ ਕੇ ਬਹੁਤ ਥੋੜ੍ਹੇ ਵਕਤ ਵਿਚ ਬੜਾ ਆਲੀਸ਼ਾਨ ਗੁਰਦੁਆਰਾ ਬਣਾ ਦਿੱਤਾ ਹੈ। ਭਾਵੇਂ ਅਜੇ ਕਾਫੀ ਕੰਮ ਰਹਿੰਦਾ ਹੈ। ਪਰ ਆਸ ਹੈ ਕਿ ਉਹ ਭੀ ਜਲਦੀ ਤਿਆਰ ਹੋ ਜਾਵੇਗਾ। ਸੰਗਤਾਂ ਨੇ ਭੀ ਚੰਗਾ ਸਹਿਯੋਗ ਦਿੱਤਾ ਹੈ। ਮਹਾਂਪੁਰਖਾਂ ਦੇ ਇਸ ਅਸਥਾਨ ਦੀ ਸੇਵਾ ਦਾ ਸਦਕਾ ਹੀ ਅੱਜ ਬੀਬੀ ਜੀ ਦੀ ਭਾਰੀ ਪ੍ਰਸੰਸ਼ਾ ਹੋ ਰਹੀ ਹੈ।

ਆਪ ਜੀ ਸੰਗਤਾਂ ਦੇ ਸੱਦੇ ਤੇ ਪਿੰਡਾਂ ਵਿਚ ਲੋਕਾਂ ਦੀ ਸ਼ਾਦੀ ਗ਼ਮੀ ਵਿਚ ਕੀਰਤਨ ਤੇ ਆਪਣੇ ਵਿਚਾਰ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਜੇਕਰ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਚਲਾਈ ਹੋਈ ਸੰਗਤ ਤੇ ਪੰਗਤ ਦੀ ਮਰਯਾਦਾ ਬੀਬੀ ਜੀ ਨੇ ਕਾਇਮ ਰੱਖੀ ਤਾਂ ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਨੌ-ਨਿਧੀਆਂ ਅਤੇ ਅਠਾਰਾਂ ਸਿੱਧੀਆਂ ਪ੍ਰਾਪਤ ਹੋਣਗੀਆਂ ਕਿਸੇ ਤਰ੍ਹਾਂ ਦਾ ਘਾਟਾ ਨਹੀਂ ਰਹੇਗਾ। ਆਸ ਹੈ ਬੀਬੀ ਜਗੀਰ ਕੌਰ ਜੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਕਸ਼ੇ-ਕਦਮ ਤੇ ਚੱਲ ਕੇ ਇਸ ਅਸਥਾਨ ਦੀ ਸੁੱਕ ਗਈ ਸ਼ਾਖ ਨੂੰ ਫਿਰ ਹਰਾ-ਭਰਾ ਕਰਨ ਦਾ ਸਿਰਤੋੜ ਯਤਨ ਕਰਨਗੇ। ਜਿਸ ਨਾਲ ਆਪ ਦੀ ਸ਼ੋਭਾ ਵਿਚ ਵਾਧਾ ਹੋਵੇਗਾ ਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਨਾਮ ਹੋਰ ਭੀ ਉਜਾਗਰ ਹੋਵੇਗਾ।

ਲੁਬਾਣਾ ਬਰਾਦਰੀ ਦਾ ਗੁਰਬਾਣੀ ਦੇ ਅਧਾਰ ਤੇ ਗੁਰੂ ਘਰ ਨਾਲ ਸੰਬੰਧ

ਵਣਜਾਰਾ, ਟਾਂਡਾ ਅਤੇ ਨਾਇਕ ਆਦਿ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਕਈ ਥਾਂ ਅੰਕਿਤ ਕੀਤੇ ਹਨ। ਭਾਵੇਂ ਇਤਿਆਦਿਕ ਸ਼ਬਦ ਨਾਮ ਦਾ ਵਪਾਰ ਕਰਨ ਵਾਲੇ ਜੀਵ ਜਗਯਾਸੂ ਲਈ ਉਦਾਹਰਣ ਦੇ ਤੌਰ ਤੇ ਵਰਤੇ ਹਨ, ਪਰ ਭਾਈ ਕਾਹਨ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਇਨ੍ਹਾਂ ਸ਼ਬਦਾਂ ਦੇ ਅਰਥ ਦਾ ਇਕ ਜਾਤੀ ਨਾਲ ਸੰਬੰਧ ਵੀ ਦਰਸਾਇਆ ਹੈ। ਜੈਸਾ ਕਿ-

ਵਣਜਾਰਾ

ਵਣਜਾਰਾ ਦੇ ਅਰਥ ਆਪ ਜੀ ਨੇ ਵਪਾਰ ਕਰਨ ਵਾਲਾ ਵਪਾਰੀ ਕੀਤੇ ਹਨ। ਅਰਥਾਤ ਇਕ ਖਾਸ ਜਾਤੀ ਜਿਸ ਦੀ ਇਹ ਸੰਗਿਆ ਵਪਾਰ ਕਰਨ ਨਾਲ ਹੋਈ ਹੈ, ਜੋ ਵਣਜਾਰਾ ਨਾਮ ਕਰਕੇ ਸਾਰੇ ਹਿੰਦੋਸਤਾਨ ਵਿਚ ਪ੍ਰਸਿੱਧ ਹੈ ਅਤੇ ਜੋ ਹਿੰਦੋਸਤਾਨ ਦੇ ਕਈ ਪ੍ਰਾਂਤਾਂ ਵਿਚ ਕਰੋੜਾਂ ਦੀ ਗਿਣਤੀ ਵਿਚ ਵੱਸ ਰਹੀ ਹੈ। ਨਾਮ ਦਾ ਵਪਾਰ ਕਰਨ ਵਾਲੇ ਜਗਯਾਸੂ ਨੂੰ ਭੀ ਵਣਜਾਰਾ ਕਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਸ੍ਰੀ ਗੁਰ ਨਾਨਕ ਦੇਵ ਜੀ ਨੇ ਪਹਿਰਿਆਂ ਦੇ ਸਿਰਲੇਖ ਹੇਠ ਵਣਜਾਰੇ ਨੂੰ ਮੁਖਾਤਬ ਕਰਕੇ ਬੜਾ ਸੁੰਦਰ ਵੈਰਾਗਮਈ ਉਪਦੇਸ਼ ਦਿੱਤਾ ਹੈ। ਜੈਸਾ ਕਿ-

ਪਹਿਲੈ ਪਹਰੈ ਰੈਣਕੇ ਵਣਜਾਰਿਆ ਮਿਤਰਾ ਹੁਕਮਿ ਪਇਆ ਗਰਭਾਸਿ॥
ਉਰਧ ਤਪੁ ਅੰਤਰਿ ਕਰੈ ਵਣਜਾਰਿਆ ਮਿਤਰਾ ਖਸਮ ਸੇਤੀ ਅਰਦਾਸਿ।
(ਸ੍ਰੀ ਰਾਗ ਮਹਲਾ ੧ ਘਰ ੧, ਪੰਨਾ ੭੪)

ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੀ ਪਹਿਰਿਆਂ ਦੇ ਸਿਰਲੇਖ ਹੇਠ ਵਣਜਾਰੇ ਨੂੰ ਮੁਖਾਤਬ ਕਰੇਕ ਪੰਨਾ ੭੬ ਤੇ ਬੜਾ ਸੁੰਦਰ ਕਲਿਆਣਾਰੀ ਉਪਦੇਸ਼ ਦਿੱਤਾ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਤਾਂ ਵਣਜਾਰਾ ਸ਼ਬਦ ਦੇ ਸਿਰਲੇਖ ਹੇਠ ਹੀ ਪਵਿੱਤਰ ਬਾਣੀ ਉਚਾਰ ਕੇ ਜੀਵ ਵਣਜਾਰੇ ਨੂੰ, ਸੰਸਾਰ ਦੀ ਉਤਪਤੀ ਕਰਨ ਵਾਲਾ ਅਤੇ ਪਾਲਣਾ ਕਰਨ ਵਾਲਾ, ਉਸ ਪ੍ਰਮਾਤਮਾ ਨੂੰ ਦੱਸ ਕੇ ਉਸ ਦੇ ਸਿਮਰਨ ਦਾ ਸੁੰਦਰ ਉਪਦੇਸ਼ ਦਿੱਤਾ, ਜਿਸ ਦੇ ਸਿਮਰਨ ਨਾਲ ਜੰਮਣ ਮਰਣ ਤੋਂ ਮਨੁੱਖ ਛੁਟਕਾਰਾ ਪਾ ਲਵੇ।

ਚਲਦਾ

ਦੁਨੀਆਂ ਇਕ ਅਜਿਹੀ ਕਚਹਿਰੀ ਹੈ, ਜਿਥੇ ਹਰ ਰੋਜ਼ ਹਰ ਕੋਈ ਸਫ਼ਾਈ ਦਿੰਦਾ ਹੀ ਨਜ਼ਰ ਆਉਂਦਾ ਹੈ।

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਰੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

89.

ਅਲਾਇਸ਼ੋਂ ਸੇ ਕੁਫ਼ਰ ਕੀ ਜੋ ਲੋਗ ਪਾਕ ਹੈਂ।
ਹੈਬਤ ਸੇ ਜ਼ੁਲ-ਜਲਾਲ ਕੀ ਜੋ ਖ਼ੌਫਨਾਕ ਹੈਂ।
ਨੇਕੀ ਸੇ ਜਿਸ ਕੋ ਉਨਸ, ਬੁਰਾਈ ਸੇ ਬਾਕ ਹੈਂ।
ਅਪਨੇ ਵੁਹ ਰਿਸ਼ਤੇਦਾਰ, ਵਹੀ ਅੰਗ-ਸਾਕ ਹੈਂ।
ਭਾਈ ਬੁਤੋਂ ਕੋ ਪੂਜੇਂ ਤੋ ਸਰ ਉਸ ਕਾ ਤੋੜ ਦੇਂ।
ਸੱਯਦ ਹੋ, ਬ੍ਰਾਹਮਨ ਹੋ, ਕੋਈ ਭੀ ਹੋ, ਛੋੜ ਦੇਂ।

ਜੋ ਲੋਕ ਕੁਫ਼ਰ ਦੀਆਂ ਮਿਲਾਵਟਾਂ ਤੋਂ ਰਹਿਤ ਹਨ, ਜਾਹੋ-ਜਲਾਲ ਵਾਲੇ ਰੱਬ ਦਾ ਜਿਨ੍ਹਾਂ ਨੂੰ ਡਰ ਤੇ ਭੈ ਹੈ, ਜਿਨ੍ਹਾਂ ਨੂੰ ਨੇਕੀ ਨਾਲ ਪਿਆਰ ਅਤੇ ਬੁਰਾਈ ਤੋਂ ਲੱਜਾ ਹੈ, ਅਜਿਹੇ ਲੋਕ ਹੀ ਸਾਡੇ ਰਿਸ਼ਤੇਦਾਰ ਅਤੇ ਸਕੇ-ਸੰਬੰਧੀ ਹਨ। ਜੇਕਰ ਸਾਡੇ ਭਾਈ ਜਨ ਹੀ ਬੁੱਤਾਂ ਨੂੰ ਪੂਜਣ ਲੱਗ ਜਾਣ ਤਾਂ ਅਸੀਂ ਉਨ੍ਹਾਂ ਦਾ ਸਿਰ ਤੋੜ ਦੇਈਏ। ਉਹ ਸੱਯਦ ਹੋਣ, ਬ੍ਰਾਹਮਣ ਹੋਣ ਜਾਂ ਕੁਝ ਹੋਰ – ਅਸੀਂ ਉਨ੍ਹਾਂ ਦਾ ਸਾਥ ਛੱਡ ਦੇਈਏ।

90.

ਵਾਹਿਗੁਰ ਕਾ ਲਾਲ ਹਰ ਇਕ ਹਮ ਕੋ ਪਿਆਰਾ ਹੈ।
ਮੁਨਕਰ ਹੈ ਜੋ ਖ਼ੁਦਾ ਸੇ ਵੁਹ ਦੁਸ਼ਮਨ ਹਮਾਰਾ ਹੈ।
ਭਗਤੀ ਅਕਾਲ ਪੁਰਖ ਕੀ, ਜਿਸ ਭੀ ਬਿਸਾਰਾ ਹੈ।
ਰਾਜਾ ਹੋ, ਸ਼ਾਹ ਹੋ, ਹਮੇਂ ਉਸ ਸੇ ਕਿਨਾਰਾ ਹੈ।
ਕਰਤਾਰ ਕੋ ਰੀਝਾਏਗਾ ਜੋ, ਪਾਸ ਹੈ ਵਹੀ।
ਪੂਜੇਗਾ ਜੋ ਬੁਤੋਂ ਕੋ, ਬਸ਼ਰ ਨਾਸ ਹੈ ਵਹੀ।

ਜੋ ਵੀ ਕੋਈ ਵਾਹਿਗੁਰੂ ਨੂੰ ਚਾਹੁਣ ਵਾਲਾ ਹੈ, ਉਹ ਸਾਨੂੰ ਪਿਆਰਾ ਹੈ। ਲੇਕਿਨ ਜੋ ਵਾਹਿਗੁਰੂ ਦੀ ਹਸਤੀ ਨੂੰ ਨਹੀਂ ਮੰਨਦਾ, ਉਹ ਸਾਡਾ ਦੁਸ਼ਮਣ ਹੈ। ਪਰਮੇਸ਼ਰ ਦੀ ਭਗਤੀ ਨੂੰ ਜਿਸ ਨੇ ਵੀ ਵਿਸਾਰਿਆ ਹੈ, ਉਹ ਰਾਜਾ ਹੈ ਜਾਂ ਸ਼ਾਹ ਹੈ, ਸਾਡਾ ਉਸ ਨਾਲ ਕੋਈ ਸੰਬੰਧ ਨਹੀਂ। ਜੋ ਇਨਸਾਨ ਪਰਮੇਸ਼ਰ ਦੀ ਬੰਦਗੀ ਕਰੇਗਾ, ਸਫ਼ਲ ਹੋ ਜਾਵੇਗਾ ਅਤੇ ਜੋ ਬੁੱਤਾਂ ਦੀ ਪੂਜਾ ਕਰੇਗਾ, ਉਹ ਨਾਸ਼ ਹੋ ਜਾਵੇਗਾ।

91.

ਦਾਅਵਏ ਖ਼ੁਦਾ ਕੀ ਬੰਦਗੀ ਕਾ ਹੈ ਤੁਮ੍ਹੇਂ ਕਮਾਲ।
ਲੇਕਿਨ ਹੈ ਮੁਸਲਮੋਂ ਕਾ ਬਹੁਤ ਆਜ ਰੰਗੀਰ ਹਾਲ।
ਕਬਰੋਂ ਜੁ ਪੂਜਤੇ ਨਾ ਹੋਂ, ਮੋਮਨ ਹੈਂ ਖ਼ਾਲ ਖ਼ਾਲ।
ਲਾਯਾ ਜ਼ਵਾਲ ਤੁਮ ਪੇਂ ਜਬੀ ਸਤਿ ਸ੍ਰੀ ਅਕਾਲ।
ਕਾਇਲ ਫ਼ਕਤ ਜ਼ੁਬਾਂ ਸੇ ਹੋ ਤੁਮ ਯਾ ਕਰੀਮ ਕੇ।
ਬਨ ਬਨ ਕੇ ਜ਼ੁਲਮ ਢਾਹਤੇ ਹੋ ਬੰਦੇ ਰਹੀਮ ਕੇ।

ਖ਼ੁਦਾ ਕੀ ਬੰਦਗੀ ਦਾ ਦਾਅਵਾ ਕਰਨ ਵਿਚ ਤਾਂ ਤੁਹਾਨੂੰ ਕਮਾਲ ਹਾਸਲ ਹੈ। ਲੇਕਿਨ ਅੱਜ-ਕਲ੍ਹ ਮੁਸਲਮਾਨਾਂ ਦਾ ਹਾਲ ਮਾੜਾ ਹੀ ਹੈ। ਕਬਰਾਂ ਨਾ ਪੂਜਣ ਵਾਲੇ ਮੁਸਲਮਾਨ ਵਿਰਲੇ ਹੀ ਮਿਲਦੇ ਹਨ। ਇਹੋ ਕਾਰਨ ਹੈ ਕਿ ਅਕਾਲ ਪੁਰਖ ਤੁਹਾਡਾ ਪਤਨ ਕਰ ਰਿਹਾ ਹੈ। ਕੀ ਤੁਸੀਂ ਬਖ਼ਸ਼ਿਸ਼ਾਂ ਕਰਨ ਵਾਲੇ 'ਕਰੀਮ' (ਪਰਮੇਸ਼ਰ) ਨੂੰ ਦਿਲੋਂ ਮੰਨਦੇ ਹੋ ਕਿ ਗੱਲਾਂ-ਬਾਤਾਂ ਨਾਲ ਹੀ ਸਾਰਦੇ ਹੋ? ਕਿਉਂਕਿ ਰਹਿਮ ਕਰਨ ਵਾਲੇ 'ਰਹੀਮ' ਦੇ ਬੰਦੇ ਅਖਵਾਉਂਦੇ ਹੋਏ ਵੀ

ਭਾਰੀ ਜ਼ੁਲਮ ਢਾਹ ਰਹੇ ਹੋ।

92.

ਸਾਰੇ ਅਮੀਰ ਤੁਮ ਮੇਂ ਰਉਨਤ-ਪਸੰਦ ਹੈਂ।
ਮਜ਼ਬ ਸੇ ਗਿਰ ਗਏ ਹੈਂ ਵੁਹ ਜਿਤਨੇ ਬੁਲੰਦ ਹੈਂ।
ਰਸਤੇ ਭੀ ਮਾਅਰਫ਼ਤ ਕੇ ਤਭੀ ਇਨ ਪੇ ਬੰਦ ਹੈਂ।
ਬੇਸੂਦ ਤੁਮ ਕੋ ਅਪਨੀ ਨਸਾਇਹ ਵ ਪੰਦ ਹੈਂ।
ਸੁਨਤਾ ਹੈ ਕੌਨ ਹਿਰਸੋ-ਹਵਾਓ ਕੇ ਸ਼ੋਰ ਮੇਂ।
ਇਸਲਾਮ ਦਰ ਕਿਤਾਬ, ਮੁਸਲਮਾਂ ਹੈਂ ਗੋਰ ਮੇਂ।

ਅੱਜ ਜੋ ਸਮਾਂ ਚੱਲ ਰਿਹਾ ਹੈ, ਤੁਹਾਡੇ ਸਭ ਅਮੀਰ-ਵਜ਼ੀਰ ਅਹੰਕਾਰੀ ਹਨ। ਜਿਤਨੀਆਂ ਵੱਡੀਆਂ ਦੁਨਿਆਵੀ ਪਦ-ਪਦਵੀਆਂ ਦੇ ਮਾਲਕ ਹਨ, ਦੀਨ ਪੱਖ ਤੋਂ ਉਤਨੇ ਹੀ ਨੀਵੇਂ ਡਿੱਗ ਗਏ ਹਨ। ਇਸੇ ਲਈ ਦੈਵੀ-ਗਿਆਨ ਦੇ ਰਸਤੇ ਇਨ੍ਹਾਂ ਲਈ ਬੰਦ ਹੋ ਚੁੱਕੇ ਹਨ। ਨਸੀਹਤਾਂ ਅਤੇ ਹਿਤੋਪਦੇਸ਼ ਆਪ ਲਈ ਫਜ਼ੂਲ ਹੀ ਲੱਗਦੇ ਹਨ। ਖ਼ਾਹਿਸ਼ਾਂ ਦੇ ਝੱਖੜ ਅਤੇ ਸ਼ੋਰ-ਸ਼ਰਾਬੇ ਵਿਚ ਦੈਵੀ ਸਿੱਖਿਆਵਾਂ ਨੂੰ ਸੁਣਦਾ ਵੀ ਕਿਹੜਾ ਹੈ? ਕੁਰਾਨ ਸ਼ਰੀਫ਼ ਅਨੁਸਾਰ ਇਸਲਾਮ ਦੇ ਧਾਰਨੀ ਮੁਸਲਮਾਨ ਤਾਂ ਅੱਜ ਕਬਰਾਂ ਵਿਚ ਪਏ ਹੋਏ ਹਨ।

93.

ਰੋਕਾ ਜੁ ਜ਼ੁਲਮ ਸੇ ਤੋ ਮੁਸਲਮਾਂ ਬਿਗੜ ਗਏ।
ਬੁਤ ਕੋ ਬੁਰਾ ਕਹਾ ਤੋ ਯੇਹ ਹਿੰਦੂ ਬਿਟਰ ਗਏ।
ਤੇਗ਼ਾ ਨਿਕਾਲਾ ਹਮ ਨੇ ਤੋ ਸਭ ਜੋਸ਼ ਝੜ ਗਏ।
ਚਿੜੀਓਂ ਸੇ ਬਾਜ਼ ਰਨ ਮੇਂ ਨਦਾਮਤ ਸੇ ਗੜ ਗਏ।
ਫ਼ੌਜੋਂ ਪੇ ਨਾਜ਼ ਹੈ ਇਨ੍ਹੋਂ, ਉਨ੍ਹੋਂ ਦੇਵੀ ਕਾ ਮਾਨ ਹੈ।
ਆਸ਼ਕ ਹੈਂ ਹਮ ਖ਼ੁਦਾ ਕੇ, ਹਥੇਲੀ ਪੇ ਜਾਨ ਹੈ।

ਜ਼ੁਲਮ ਕਰਨ ਤੋਂ ਰੋਕਿਆ ਤਾਂ ਮੁਸਲਮਾਨ ਸਾਡੇ ਖਿਲਾਫ਼ ਹੋ ਗਏ। ਬੁੱਤਪੂਜਾ ਤੋਂ ਟੋਕਿਆ ਤਾਂ ਹਿੰਦ ਸਾਡੇ ਨਾਲ ਰੱਸ ਗਏ। ਜਦੋਂ ਅਸੀਂ ਤੇਗ਼ ਮਿਆਨੋਂ ਧੂਹੀ ਤਾਂ ਸਭ ਦੇ ਜੋਸ਼ ਠੰਡੇ ਪੈ ਗਏ। ਰਣ-ਮੈਦਾਨ ਵਿਚ, ਚਿੜੀਆਂ ਸਾਹਮਣੇ ਬਾਜ਼ ਵੀ ਸ਼ਰਮ ਨਾਲ ਜ਼ਮੀਨ ਵਿਚ ਗੱਡੇ ਗਏ। ਬਾਦਸ਼ਾਹ ਨੂੰ ਸ਼ਾਹੀ ਫੌਜਾਂ ਉੱਤੇ ਅਤੇ ਪਹਾੜੀ ਰਾਜਿਆਂ ਨੂੰ ਦੇਵੀ ਉੱਤੇ ਮਾਣ ਹੈ, ਲੇਕਿਨ ਅਸੀਂ ਜੋ ਪਰਮੇਸ਼ਰ ਦੇ ਪਿਆਰੇ ਹਾਂ, ਆਪਣੀਆਂ ਜਾਨਾਂ ਤਲੀ ਉੱਤੇ ਰੱਖੀਆਂ ਹੋਈਆਂ ਹਨ।

94.

ਮਾਨਾ ਕਿ ਹਮ ਕਲੀਲ ਮੁਖ਼ਾਲਿਫ਼ ਕਸੀਰ ਹੈਂ।
ਤੁਮ ਪਾਤਸ਼ਾਹ ਹੋ, ਰਾਜੇ ਹੋ, ਔਰ ਹਮ ਫ਼ਕੀਰ ਹੈਂ।
ਤੁਮ ਸੇ ਹਜ਼ਾਰੋਂ ਬੜ੍ਹ ਕੇ ਹਮ ਬੇਨਜ਼ੀਰ ਹੈਂ।
ਅਪਨੀ ਨਜ਼ਰ ਮੇਂ ਮਾਲ, ਤੁਮ੍ਹਾਰੇ ਹਕੀਰ ਹੈਂ।
ਪਰਵਾਹ ਨਹੀਂ ਹੈ, ਬੇ-ਸਰੋ-ਸਾਮਾਂ ਲੜੇਂਗੇ ਹਮ।
ਜ਼ਾਲਮ ਸੇ, ਬੁਤ-ਪ੍ਰਸਤ ਸੇ, ਹਾਂ ਹਾਂ ਲੜੇਂਗੇ ਹਮ।

ਮੰਨਿਆ ਕਿ ਅਸੀਂ ਗਿਣਤੀ ਵਿਚ ਥੋੜ੍ਹੇ ਹਾਂ ਅਤੇ ਦੁਸ਼ਮਣ ਦੀ ਬਹੁਤਾਤ ਹੈ। ਤੁਸੀਂ ਪਾਤਸ਼ਾਹ ਤੇ ਰਾਜੇ ਹੋ ਅਤੇ ਅਸੀਂ ਫ਼ਕੀਰ ਹਾਂ। ਲੇਕਿਨ ਅਸੀਂ ਤੁਹਾਡੇ ਤੋਂ ਹਜ਼ਾਰਾਂ ਗੁਣਾਂ ਵੱਧ ਵਡਿਆਈਆਂ ਦੇ ਮਾਲਕ ਹਾਂ। ਤੁਹਾਡੀਆਂ ਨਜ਼ਰਾਂ ਵਿਚ ਬੇਸ਼ੱਕ ਤੁੱਛ ਸਹੀ, ਪਰ ਆਪਣੀਆਂ ਨਜ਼ਰਾਂ ਵਿਚ ਅਸੀਂ ਬਹੁਮੁੱਲਾ ਸਰਮਾਇਆ ਹਾਂ। ਸਾਨੂੰ ਤੁਹਾਡੀਆਂ ਫ਼ੌਜਾਂ ਜਾਂ ਹਥਿਆਰਾਂ ਦੀ ਕੋਈ ਪਰਵਾਹ ਨਹੀਂ, ਅਸੀਂ ਖਾਲੀ ਹੱਥ ਵੀ ਹੋਏ ਤਾਂ ਡੱਟ ਕੇ ਲੜਾਂਗੇ। ਜ਼ਾਲਮਾਂ ਅਤੇ ਬੁੱਤਪ੍ਰਸਤਾਂ ਨਾਲ ਲੜਾਂਗੇ, ਤੇ ਜ਼ਰੂਰ ਲੜਾਂਗੇ। **(ਚਲਦਾ)**

● ● ●

ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।

ਸਲਾਦ ਅਤੇ ਸਲਾਦੀ ਵਸਤਾਂ ਦੇ ਗੁਣ



ਹਰੀ, ਕੱਚੀ, ਤਾਜ਼ੀ ਸਾਗ, ਸਬਜ਼ੀ ਜਿਵੇਂ ਕਿ ਮੂਲੀ, ਗਾਜਰ, ਚੁਕੰਦਰ, ਟਮਾਟਰ, ਪਿਆਜ਼ ਆਦਿ ਨੂੰ ਮਿਲਾ ਕੇ ਸਲਾਦ ਤਿਆਰ ਕੀਤਾ ਜਾਂਦਾ ਹੈ। ਇਹ ਇਕੱਲਾ ਹੀ ਜਾਂ ਭੋਜਨ ਦੇ ਨਾਲ ਖਾਣ ਦੀ ਪੁਰਾਣੇ ਸਮੇਂ ਤੋਂ ਹੀ ਰੀਤ ਚਲੀ ਆ ਰਹੀ ਹੈ। ਤਾਜ਼ੀਆਂ ਅਤੇ ਹਰੀਆਂ ਤੇ ਕੱਚੀਆਂ ਸਾਗ ਸਬਜ਼ੀਆਂ ਵਿਚ ਵਿਟਾਮਿਨਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜੋ ਸਿਹਤ ਵਾਸਤੇ ਅੰਮ੍ਰਿਤ ਸਮਾਨ ਹੁੰਦੀਆਂ ਹਨ। ਕੁਦਰਤ ਨੇ ਸਾਨੂੰ ਜਿਉਣ ਵਾਸਤੇ ਬੇਅੰਤ ਪੋਸ਼ਟਿਕ ਆਹਾਰ ਦਿੱਤੇ ਹਨ ਜਿਸ ਵਿਚ ਹਰੀਆਂ ਬਨਸਪਤੀਆਂ, ਰਸਾਂ ਵਾਲੇ ਫਲ ਜੋ ਕਿ ਲਾਭਕਾਰੀ ਤੱਤਾਂ ਵਾਲੇ ਹੁੰਦੇ ਹਨ। ਸਾਡੇ ਰੋਜ਼ ਦੇ ਭੋਜਨ ਵਿਚ ਇਹ ਨਾ ਹੋਣ ਤਾਂ ਸਾਡਾ ਸਰੀਰ ਤੰਦਰੁਸਤ ਰਹਿਣਾ ਮੁਸ਼ਕਲ ਹੈ। ਸਰੀਰ ਦੇ ਵਿਕਾਸ ਵਾਸਤੇ ਕਾਰਬੋਹਾਈਡਰੇਟ ਅਤੇ ਤਾਪਮਾਨ ਵਾਸਤੇ ਚਿਕਨਾਈ ਦੀ ਲੋੜ ਹੁੰਦੀ ਹੈ ਇਨ੍ਹਾਂ ਤਿੰਨ ਪ੍ਰਕਾਰ ਦੇ ਤੱਤਾਂ ਨੂੰ ਮਿਲਾ ਕੇ ਹੀ ਤੰਦਰੁਸਤੀ ਪ੍ਰਾਪਤ ਕੀਤੀ ਜਾ ਸਕਦੀ ਹੈ, ਸਰੀਰ ਨੂੰ ਨਿਰੋਗ ਬਨਾਉਣ ਵਾਸਤੇ ਸੰਤੁਲਨ ਭੋਜਨ ਜ਼ਰੂਰੀ ਹੈ। ਫਲ ਅਤੇ ਸਬਜ਼ੀਆਂ ਦੀ ਵਰਤੋਂ ਨਾਲ ਸਰੀਰ ਵਿਚ ਪੋਸ਼ਟਿਕ ਤੱਤਾਂ ਦੀ ਕਮੀ ਨਹੀਂ ਹੁੰਦੀ ਅਤੇ ਸਰੀਰ ਵਿਚ ਰੋਗਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਵਧਦੀ ਹੈ। ਅੱਜ ਦੇ ਯੁੱਗ ਵਿਚ ਹਰੀਆਂ ਸਬਜ਼ੀਆਂ-ਭਾਜੀਆਂ ਦੀ ਜੋ ਵਰਤੋਂ ਕੀਤੀ ਜਾਂਦੀ ਹੈ ਉਹ ਮਿਰਚ-ਮਸਾਲਿਆਂ ਨਾਲ ਅੱਗ ਤੇ ਪਕਾਏ ਜਾਂਦੇ ਹਨ ਜਿਸ ਕਰਕੇ ਸਾਨੂੰ ਪ੍ਰਾਪਤ ਵਿਟਾਮਿਨ ਨਹੀਂ ਮਿਲਦੇ ਕਿਉਂਕਿ ਇਨ੍ਹਾਂ ਦੇ ਜ਼ਿਆਦਾ ਅੰਸ਼ ਅਗਨੀ ਵਿਚ ਜਲ ਕੇ ਖਤਮ ਹੋ ਜਾਂਦੇ ਹਨ। ਸਾਗ ਸਬਜ਼ੀਆਂ ਵਿਚ ਜ਼ਿਆਦਾ ਅੰਸ਼ ਐਸੀ ਹੁੰਦੀ ਹੈ। ਇਨ੍ਹਾਂ ਨੂੰ ਕੱਚਾ ਹੀ ਖਾਇਆ ਜਾ ਸਕਦਾ ਹੈ ਅੱਗ ਤੇ ਪਕਾਈਆਂ ਸਬਜ਼ੀਆਂ ਦੇ ਮੁਕਾਬਲੇ ਬਹੁਤ ਲਾਭਕਾਰੀ ਹੁੰਦੇ ਹਨ। ਫਲਾਂ ਅਤੇ ਸਬਜ਼ੀਆਂ ਦੇ ਜਲ (ਤਰਕਾਰੀ) ਤੰਦਰੁਸਤੀ ਲਈ ਬਹੁਤ ਹੀ ਦੁਰਲੱਭ ਹੈ। ਇਹ ਕੇਵਲ ਖਣਿਜ ਲਵਨ ਹੀ ਅਨੁਪ੍ਰਦਾਨ ਨਹੀਂ ਕਰਦਾ ਬਲਕਿ ਵਿਟਾਮਿਨਜ਼ ਤੰਦਰੁਸਤੀ ਲਈ, ਸਿਹਤ ਦੀ ਰੱਖਿਆ, ਨਾਲ-ਨਾਲ ਸਰੀਰ ਦੀ ਅੰਦਰੋਂ ਸਫ਼ਾਈ ਵੀ ਕਰਦਾ ਹੈ। ਖੋਜ 'ਚੋਂ ਪਤਾ ਲੱਗਾ ਹੈ ਕਿ ਆਦਿ ਵਾਸੀਆਂ ਨੂੰ ਸਬਜ਼ੀਆਂ ਬਗੈਰਾ ਕੱਚਾ ਖਾਣ ਦੀ ਆਦਤ ਸੀ ਜਿਸ ਕਰਕੇ ਉਨ੍ਹਾਂ ਦਾ ਸਰੀਰ ਮਜ਼ਬੂਤ ਤੇ ਦੰਦ ਵੀ ਮਜ਼ਬੂਤ ਹੁੰਦੇ ਸਨ। ਭੋਜਨ ਸ਼ਾਸਤਰੀਆਂ ਦਾ ਮੱਤ ਹੈ, ਸਰੀਰ ਨੂੰ ਤੰਦਰੁਸਤ ਰੱਖਣ ਵਾਸਤੇ ਮਨੁੱਖ ਦੇ ਭੋਜਨ ਵਿਚ 50% ਖਾਦ ਪਦਾਰਥ ਹੋਣੇ ਚਾਹੀਦੇ ਹਨ ਜੋ ਕਿ ਅੱਗ ਤੇ ਨਾ ਪਕਾਏ ਹੋਣ ਇਸ ਵਾਸਤੇ ਸਾਨੂੰ ਸਲਾਦ ਦਾ ਵੱਧ ਤੋਂ ਵੱਧ ਸੇਵਨ ਕਰਨਾ ਚਾਹੀਦਾ ਹੈ। ਜੇ ਮਨੁੱਖ ਤਾਜ਼ੀਆਂ ਸਬਜ਼ੀਆਂ ਅਤੇ ਫਲਾਂ ਦੀ ਸਲਾਦ ਦੇ ਰੂਪ ਵਿਚ ਵਰਤੋਂ ਕਰੇ ਤਾਂ ਭੋਜਨ ਦਾ ਸੁਆਦ ਹੀ ਨਹੀਂ ਵਧੇਗਾ, ਚਮੜੀ ਦੀ ਚਿਕਨਾਈ ਵੀ ਬਣੀ ਰਹੇਗੀ। ਖ਼ੂਨ ਸ਼ੁੱਧ ਹੋਵੇਗਾ, ਖ਼ੂਨ ਦੀ ਕਮੀ ਨਹੀਂ ਹੋਵੇਗੀ। ਰੋਗਾਂ ਤੋਂ ਵੀ ਬਚਿਆ ਜਾ ਸਕਦਾ ਹੈ। ਸਲਾਦ ਉਨ੍ਹਾਂ ਚੀਜ਼ਾਂ ਦਾ ਬਣਾਇਆ ਜਾ ਸਕਦਾ ਹੈ ਜਿਹੜੀਆਂ ਮੌਸਮ ਅਨੁਸਾਰ ਮਿਲ ਸਕਦੀਆਂ ਹਨ ਮੌਸਮੀ ਹੋਣ ਕਰਕੇ ਸਸਤੀ ਤੇ ਸੌਖੀਆਂ ਮਿਲ ਜਾਂਦੀਆਂ ਹਨ। ਸਲਾਦ ਵਾਸਤੇ ਪੌਦਿਆਂ ਦੇ ਸਾਰੇ ਅੰਗ ਜੜ੍ਹਾਂ, ਪੱਤੇ ਜਾਂ ਫਲ ਜ਼ਰੂਰੀ ਹੁੰਦੇ ਹਨ। ਇਸ ਵਾਸਤੇ ਟਮਾਟਰ, ਗਾਜ਼ਰ, ਪਿਆਜ਼, ਮੂਲੀ, ਮੂਲੀ ਦੇ ਪੱਤੇ, ਧਨੀਆਂ ਜਾਂ ਪੁਦੀਨੇ ਦੇ ਪੱਤੇ, ਚੁਕੰਦਰ, ਅਮਰੂਦ, ਕੇਲੇ ਦੇ ਟੁਕੜੇ, ਖੀਰਾ, ਕੱਕੜੀ ਆਦਿ ਫਲ ਜਾਂ ਸਬਜ਼ੀਆਂ ਲਈਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਵਰਤੋਂ ਵਾਸਤੇ ਛੋਟੇ-ਛੋਟੇ ਟੁਕੜੇ ਗੋਲ-ਗੋਲ ਕੱਟ ਕੇ ਜਾਂ ਕੱਦੂਕਸ਼ ਕਰਕੇ ਨਮਕ, ਅਦਰਕ ਜਾਂ ਨਿੰਬੂ ਦਾ ਰਸ ਆਦਿ ਲਾ ਕੇ ਰੁਚੀਕਾਰਕ ਬਣਾ ਲਿਆ ਜਾਂਦਾ ਹੈ। ਵੈਸੇ ਫਲ ਬਹੁਤ ਮਹਿੰਗੇ ਹੁੰਦੇ ਹਨ ਹਰ ਇਕ ਖਰੀਦ ਨਹੀਂ ਸਕਦਾ। ਤੰਦਰੁਸਤੀ ਵਾਸਤੇ ਭੋਜਨ ਵਿਚ ਪੱਕੀਆਂ ਤਲੀਆਂ ਚੀਜ਼ਾਂ ਦੇ ਨਾਲ-ਨਾਲ ਕੁਝ ਕੱਚੀਆਂ ਚੀਜ਼ਾਂ ਦਾ ਖਾਣਾ ਜ਼ਰੂਰੀ ਹੈ। ਸਲਾਦ ਹਰ ਇਕ ਵਾਸਤੇ ਸੌਖਾ ਤੇ ਸਸਤਾ ਹੈ ਇਸ ਨੂੰ ਭੋਜਨ ਨਾਲ ਮਿਲਾ ਕੇ ਸੰਤੁਲਤ ਬਣਾਉਣ ਵਾਸਤੇ ਸਫਲ ਹੋ ਸਕਦਾ ਹੈ ਇਕ ਅੱਛੇ ਸਲਾਦ ਵਿਚ ਕੰਮ ਆਉਣ ਵਾਲੇ ਪੋਸ਼ਟਿਕ ਤੱਤ ਹੇਠਾਂ ਲਿਖੇ ਗਏ ਹਨ ਜਿਵੇਂ ਕਿ -

1. **ਹਰੇ ਪੱਤੇ** - ਸਲਾਦ ਵਾਸਤੇ ਮੂਲੀ, ਚੁਕੰਦਰ ਜਾਂ ਸ਼ਲਗਮ ਦੇ ਹਰੇ ਪੱਤੇ ਵਰਤੋਂ ਯੋਗ ਹੁੰਦੇ ਹਨ। ਇਨ੍ਹਾਂ ਵਿਚ ਪ੍ਰੋਟੀਨ, ਕਾਰਬੋਹਾਈਡਰੇਟ,

ਖਣਿਜ ਪਦਾਰਥ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ, ਫਾਸਫੋਰਸ ਅਤੇ ਗੰਧਕ ਆਦਿ ਪ੍ਰਮੁੱਖ ਰੂਪ ਵਿਚ ਮਿਲਦੇ ਹਨ। ਇਸ ਤੋਂ ਇਲਾਵਾ ਆਇਓਡੀਨ ਵੀ ਪਾਈ ਜਾਂਦੀ ਹੈ। ਇਨ੍ਹਾਂ ਵਿਚੋਂ ਪ੍ਰਾਪਤ ਕੈਲਸ਼ੀਅਮ ਦੀ ਮਾਤਰਾ ਪਾਚਣਕਾਰੀ ਹੁੰਦੀ ਹੈ। ਇਨ੍ਹਾਂ ਵਿਚ ਵਿਟਾਮਿਨ ਏ, ਬੀ, ਸੀ ਮੁੱਖ ਰੂਪ ਵਿਚ ਮਿਲਦੇ ਹਨ।



2. **ਗਾਜਰ** - ਇਸਨੂੰ ਅੰਗਰੇਜ਼ੀ ਵਿਚ ਕੈਰਟ ਕਹਿੰਦੇ ਹਨ, ਇਸ ਵਿਚ ਕੈਰੋਟੀਨ ਬਹੁਤ ਜ਼ਿਆਦਾ ਮਾਤਰਾ ਵਿਚ ਮੌਜੂਦ ਰਹਿੰਦੇ ਹਨ। ਇਸ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਚਿਕਨਾਈ, ਖਣਿਜ ਪਦਾਰਥ, ਕੈਲਸ਼ੀਅਮ, ਫਾਸਫੋਰਸ ਅਤੇ ਆਇਰਨ ਦੀ ਮਾਤਰਾ ਹੁੰਦੀ ਹੈ। ਇਸ ਤੋਂ ਇਲਾਵਾ ਵਿਟਾਮਿਨ ਏ ਤੇ ਬੀ ਕਾਫੀ ਮਾਤਰਾ ਵਿਚ ਹੁੰਦੀ ਹੈ।

ਗੁਣ - ਗਾਜਰ ਨਾਲ ਦਿਮਾਗ਼ ਦੀਆਂ ਨਾੜੀਆਂ ਨੂੰ ਤਾਕਤ ਮਿਲਦੀ ਹੈ। ਇਸ ਨਾਲ ਖ਼ੂਨ ਤੇ ਪਿਸ਼ਾਬ ਸਾਫ਼ ਹੁੰਦਾ ਹੈ। ਇਸ ਨਾਲ ਪਿਸ਼ਾਬ ਰਾਹੀਂ ਯੂਰਿਕ ਐਸਿਡ ਨਾਮਕ ਜ਼ਹਿਰੀਲਾ ਪਦਾਰਥ ਸਰੀਰ 'ਚੋਂ ਬਾਹਰ ਨਿਕਲ ਜਾਂਦਾ ਹੈ। ਗਾਜਰ ਦਾ ਪ੍ਰਯੋਗ ਸਰੀਰ ਦੇ ਅੰਦਰ ਪੇਟ ਦੇ ਕੀੜੇ ਬਾਹਰ ਕੱਢਣ ਵਿਚ ਸਹਾਇਕ ਹੈ, ਇਹ ਕਾਮ ਉਤੇਜਕ ਤੇ ਤਾਕਤਵਰ ਹੈ।

3. **ਮੂਲੀ** - ਵਿਟਾਮਿਨ ਏ ਨੂੰ ਛੱਡ ਕੇ ਇਹ ਸਭ ਵਿਟਾਮਿਨ ਅਤੇ ਖਣਿਜ ਪਦਾਰਥ ਦੇਣ ਵਿਚ ਉੱਤਮ ਹੈ। ਵਿਟਾਮਿਨ ਏ ਇਸ ਵਿਚ ਘੱਟ ਹੁੰਦਾ ਹੈ ਪਰ ਆਇਰਨ, ਫਾਸਫੋਰਸ, ਗੰਧਕ, ਕੈਲਸ਼ੀਅਮ ਪੂਰੀ ਮਾਤਰਾ ਵਿਚ ਪਾਏ ਜਾਂਦੇ ਹਨ।

ਗੁਣ - ਇਹ ਪੇਟ ਅਤੇ ਪਿਸ਼ਾਬ ਨੂੰ ਸਾਫ਼ ਰੱਖਦੀ ਹੈ ਕਫ਼ ਨੂੰ ਦੂਰ ਕਰਦੀ ਹੈ, ਜਿਗਰ ਦੀ ਕਿਰਿਆ ਨੂੰ ਵਧਾਉਂਦੀ ਹੈ। ਮੂਲੀ ਪੀਲੀਆ, ਪੇਟ ਗੈਸ, ਬਵਾਸੀਰ, ਪਿਸ਼ਾਬ ਸਬੰਧੀ ਰੋਗਾਂ ਵਿਚ ਲਾਭਕਾਰੀ ਹੈ।

4. **ਟਮਾਟਰ** - ਪੱਕੇ ਲਾਲ ਸਖ਼ਤ ਟਮਾਟਰ ਸਲਾਦ ਬਣਾਉਣ ਵਿਚ ਕੰਮ ਆਉਂਦੇ ਹਨ, ਕਿਹਾ ਜਾਂਦਾ ਹੈ ਕਿ ਲਾਲ ਟਮਾਟਰ ਰੋਜ਼ ਕੱਚੀ ਹਾਲਤ ਵਿਚ ਖਾਣ ਨਾਲ ਚਿਹਰਾ ਟਮਾਟਰ ਵਰਗਾ ਲਾਲ ਹੋ ਜਾਂਦਾ ਹੈ। ਟਮਾਟਰ ਖਾਣ ਨਾਲ ਭੁੱਖ ਵਧਦੀ ਹੈ ਤੇ ਤਾਜ਼ਗੀ ਆ ਜਾਂਦੀ ਹੈ। ਇਸ ਵਿਚ ਖਣਿਜ ਪਦਾਰਥ ਕੈਲਸ਼ੀਅਮ, ਫਾਸਫੋਰਸ, ਆਇਰਨ ਵੀ ਕੁੱਝ ਮਾਤਰਾ ਵਿਚ ਪ੍ਰਾਪਤ ਹੁੰਦੀ ਹੈ ਅਤੇ ਇਸ ਵਿਚ ਵਿਟਾਮਿਨ ਸੀ ਭਰਪੂਰ ਮਾਤਰਾ ਵਿਚ ਹੁੰਦੀ ਹੈ। ਪੱਕੇ ਟਮਾਟਰ ਵਿਚ ਗੁਲੂਕੋਸ ਵੀ ਪਾਇਆ ਜਾਂਦਾ ਹੈ।

5. **ਪਿਆਜ਼** - ਇਸ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਚਿਕਨਾਈ, ਕੈਲਸ਼ੀਅਮ, ਫਾਸਫੋਰਸ, ਆਇਰਨ ਦੀ ਮਾਤਰਾ ਹੁੰਦੀ ਹੈ। ਵਿਟਾਮਿਨ ਏ, ਬੀ ਅਤੇ ਸੀ ਦੀ ਪੂਰੀ ਮਾਤਰਾ ਪ੍ਰਾਪਤ ਹੁੰਦੀ ਹੈ।

ਗੁਣ - ਠੀਕ ਮਾਤਰਾ ਵਿਚ ਪਿਆਜ਼ ਦੀ ਵਰਤੋਂ ਨਾਲ ਪਾਚਣ ਸ਼ਕਤੀ ਵਧਦੀ ਹੈ, ਕਫ਼ ਤੇ ਸਰਦੀ ਦੂਰ ਹੁੰਦੀ ਹੈ ਇਹ ਜਯੁਕਤ (ਲਿਵਰ) ਦੀ ਕਿਰਿਆ ਨੂੰ ਵਧਾਉਂਦਾ ਹੈ। ਪਿਆਜ਼ ਦੀ ਵਰਤੋਂ ਨਾਲ ਪਿਸ਼ਾਬ ਸਾਫ਼ ਹੁੰਦਾ ਹੈ। ਆਮ ਰਸ (ਪੇਟ ਦਾ ਕੱਚਾ ਰਸ) ਅਤੇ ਅਫਰੇਵੇਂ ਲਈ ਗੁਣਕਾਰੀ ਹੈ। ਪਿਆਜ਼ ਚਮੜੀ ਰੋਗਾਂ ਵਿਚ ਫਾਇਦਾ ਦਿੰਦਾ ਹੈ।

6. **ਨਿੰਬੂ** - ਵਿਟਾਮਿਨ ਸੀ ਦੇ ਕਾਰਨ ਇਸਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਸਾਈਟਰਿਕ, ਫਾਸਫੋਰਸ ਅਤੇ ਮੈਲਿਕ ਐਸਿਡ ਪਾਇਆ ਜਾਂਦਾ ਹੈ।

ਗੁਣ - ਇਹ ਰਕਤ ਸੋਧਕ, ਪਿੱਤ ਨਾਸ਼ਕ (ਗਰਮੀ) ਪਾਚਣ ਸ਼ਕਤੀ ਨੂੰ ਵਧਾਉਣ ਵਾਲਾ ਹੁੰਦਾ ਹੈ। ਕਾਗ਼ਜ਼ੀ ਨਿੰਬੂ ਦੀ ਵਰਤੋਂ ਨਾਲ ਰੁਚੀ ਵਧਦੀ ਹੈ, ਕ੍ਰਿਮ (Germ) ਨਾਸ਼ਕ ਹੈ ਇਹ ਤਾਜ਼ਗੀ ਪਹੁੰਚਾਉਂਦਾ ਹੈ।

7. **ਹਰੀ ਮਿਰਚ** - ਇਸ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਵਸਾ ਅਤੇ ਖਣਿਜ ਪਦਾਰਥ ਹੁੰਦੇ ਹਨ। ਖਣਿਜ, ਕੈਲਸ਼ੀਅਮ, ਫਾਸਫੋਰਸ, ਆਇਰਨ ਇਸ ਵਿਚ ਹੁੰਦੇ ਹਨ। ਵਿਟਾਮਿਨਾਂ ਵਿਚੋਂ ਏ, ਬੀ, ਸੀ ਮੁੱਖ ਮੌਜੂਦ ਰੂਪ ਵਿਚ ਹੁੰਦੇ ਹਨ।

ਗੁਣ - ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਮਿਰਚ ਦੀ ਵਰਤੋਂ ਪਾਚਣ ਵਿਚ ਸਹਾਇਕ ਅਤੇ ਕ੍ਰਿਮ (Germ) ਨਾਸ਼ਕ ਹੈ। ਇਹ ਕਾਮਉਤੇਜਕ ਹੁੰਦੀ ਹੈ, ਇਸਦੇ ਖਾਣ ਨਾਲ ਪਿਸ਼ਾਬ ਖੁੱਲ੍ਹ ਕੇ ਅਤੇ ਸਾਫ਼ ਹੁੰਦਾ ਹੈ। ਇਸ ਨਾਲ ਖ਼ੂਨ ਵਿਚ ਪੋਸ਼ਟਿਕ ਤੱਤ ਪ੍ਰਦਾਨ ਹੁੰਦਾ ਹੈ।

8. **ਅਦਰਕ** - ਇਸ ਦੀ ਵਰਤੋਂ ਸੁਗੰਧ ਅਤੇ ਸੁਆਦ ਲਈ ਕੀਤੀ ਜਾਂਦੀ ਹੈ।

ਗੁਣ - ਅਗਨੀ ਦੀਪਣ ਪਾਚਣ ਬਣਾਉਂਦਾ ਹੈ। ਪੇਟ ਵਾਯੂ ਦੇ ਫੁੱਲਣ ਕਾਰਨ ਵਿਚ ਬਹੁਤ ਸਹਾਇਕ ਹੈ, ਰੁਚੀਵਰਧਕ ਹੈ।

ਉਪਰੋਕਤ ਲੇਖ ਤੋਂ ਜਾਣਕਾਰੀ ਮਿਲਦੀ ਹੈ ਕਿ ਸਲਾਦ ਦੀ ਵਰਤੋਂ ਨਾਲ ਅਸੀਂ ਆਪਣੇ ਸਰੀਰ ਨੂੰ ਪੋਸ਼ਟਿਕ ਤੱਤਾਂ ਦੀ ਪੂਰੀ ਮਾਤਰਾ ਪ੍ਰਦਾਨ ਕਰਾਉਂਦੇ ਹਾਂ। ਸਲਾਦ ਨੂੰ ਹੋਰ ਸੁਆਦਿਸ਼ਟ ਬਣਾਉਣ ਲਈ ਪੂਰਕ ਵਸਤੂਆਂ ਨੂੰ ਮਿਲਾਇਆ ਜਾ ਸਕਦਾ ਹੈ।

ਕਾਵਿ-ਕਿਆਰੀ

ਕਵਿਤਾ / ਪੰਜਾਬੀਅਤ ਦੇ ਰੰਗ

ਸੁਰਿੰਦਰ ਮਕਸੂਦਪੁਰੀ



ਪਰਦੇਸ ਵਿਚ ਘੁੰਮਦਿਆਂ
ਮੈਪਲ ਦੇ ਖ਼ੂਬਸੂਰਤ
ਰੰਗ-ਬਰੰਗੇ ਰੁੱਖਾਂ ਨੂੰ ਮਿਲਦਿਆਂ
ਕਮਿਊਨਿਟੀ ਸੈਂਟਰ 'ਚ
ਬਜ਼ੁਰਗ ਬਾਬਿਆਂ ਦੇ
ਸਿਆਣੇ ਮੁਖਾਰਬਿੰਦਾਂ ਤੋਂ
ਮੁਖ਼ਾਤਿਬ ਹੁੰਦਿਆਂ
ਆਪਣੇ ਪੰਜਾਬ ਦੇ
ਚਿੰਤਨ-ਮੰਥਨ ਸੁਣਦਿਆਂ

ਗੁਰੂ ਘਰ ਵਿਖੇ
ਨਤਮਸਤਕ ਹੁੰਦਿਆਂ
'ਪੰਗਤ ਦੀ ਸੰਗਤ' ਕਰਦਿਆਂ
'ਗੁਰੂ ਕਾ ਲੰਗਰ' ਛਕਦਿਆਂ


ਅਹਿਸਾਸ ਹੁੰਦੈ
ਕਿ ਪੰਜਾਬ
ਭਾਰਤ 'ਚ ਹੀ ਨਹੀਂ
ਪਰਦੇਸ ਵਿਚ ਵੀ ਵੱਸਦਾ ਹੈ
'ਮਕਸੂਦਪੁਰੀ' ਪੰਜਾਬੀਅਤ ਦੇ ਰੰਗ
ਜੀਵਨ-ਜੁਗਤੀ ਪ੍ਰਸੰਗ
ਹਰ ਪੰਜਾਬੀ ਪਿਆਰੇ
ਮਾਂ-ਬੋਲੀ ਦੇ ਦੁਲਾਰੇ
ਨੂੰ ਦੱਸਦਾ ਹੈ...!

-234, **ਸੁਦਰਸ਼ਨ ਪਾਰਕ**,
ਮਕਸੂਦਾਂ, ਜਲੰਧਰ-144021,
ਮੋ. 99887-10234

* * * * *

ਕਵਿਤਾ/ ਮੋੜ ਦਿਓ ਰੁਖ

ਰਤਨ ਟਾਹਲਵੀ



ਮੋੜ ਦਿਓ ਰੁਖ ਵਕਤ ਹਵਾ ਦਾ ਮੋੜ ਦਿਓ।
ਬੁਸਿਆ ਬੁਸਿਆ ਸਿਸਟਮ ਹੁਣ ਤਾਂ ਤੋੜ ਦਿਓ।

ਸਦੀਆਂ ਤੋਂ ਵੱਖ ਰਹਿੰਦੇ ਆਏ ਜਿਹੜੇ ਨੇ,
ਝੌਂਪੜ ਪੱਟੀ ਮਹਿਲ ਮੁਨਾਰੇ ਜੋੜ ਦਿਓ।

ਵਰਦੀਧਾਰੀ ਅਬਲਾ ਪਿੱਛੇ ਕੂਕ ਰਹੇ,
ਨਿੰਬੂ ਵਾਂਗਰ ਫੜ ਕੇ ਖ਼ੂਨ ਨਿਚੋੜ ਦਿਓ।

ਹੱਕਾਂ ਖ਼ਾਤਰ ਲੋਕ ਜਿਹੜੇ ਨੇ ਸੜਕਾਂ 'ਤੇ,
ਚੁੱਪ ਦੀ ਨੈਅ ਵਿਚ ਚੁੱਪ ਚੁਪੀਤੇ ਰੋੜ੍ਹ ਦਿਓ।

ਪਾਠ ਪੜ੍ਹਾ ਕੇ ਕੁਦਰਤ ਦੇ ਸਭ ਬੰਦੇ ਦਾ।
ਵਕਤ ਮਿਲਣ 'ਤੇ ਬੰਦੇ ਫੇਰ ਵਿਛੋੜ ਦਿਓ।

* * * * *

ਕਵਿਤਾ / ਚਿਖਾ ਤੇ ਲੋਹੜੀ

'ਸੁਖਵਿੰਦਰ ਸਿੰਘ ਜਲਾਲਪੁਰੀ'



ਪਿੰਡੋਂ ਬਾਹਰ ਸੁੰਨੀ ਜਿਹੀ ਜਗ੍ਹਾ ਵੱਲ,
ਕਈ ਜਵਾਨ ਬੁੱਢੇ ਤੁਰੇ ਜਾ ਰਹੇ ਸੀ,
ਕਈਆਂ ਸਿਰ ਲਏ ਸੀ ਦੁਪੱਟੇ ਚਿੱਟੇ ਰੰਗ ਦੇ,
ਕਈ ਅੱਖਾਂ ਵਿੱਚੋਂ ਨਦੀਆਂ ਵਹਾ ਰਹੇ ਸੀ।

ਚਾਰੇ ਪਾਸੇ ਸ਼ਾਂਤ ਜਿਹਾ ਮਾਹੌਲ ਸੀ,
ਵੈਣਾਂ ਵਾਲੇ ਬੋਲ ਹਰ ਦਿਲ ਦਹਿਲਾ ਰਹੇ ਸੀ,
ਗ੍ਰੰਥੀ ਸਿੰਘ ਦੀ ਸਸਕਾਰ ਦੀ ਆਵਾਜ਼ ਸੁਣ,
ਕਈ ਪੈਰ ਬਾਹਰ ਨੂੰ ਵਧਾ ਰਹੇ ਸੀ।

ਇਨੇ ਨੂੰ ਫੱਟੇ ਲਾਸ਼ ਰੱਖ ਮੋਢੇ ਚੁੱਕ ਕੁਝ ਵੀਰ,
ਵਾਹਿਗੁਰੂ ਦਾ ਜਾਪ ਕਰਦੇ ਲਿਆ ਰਹੇ ਸੀ,
ਭੀੜ ਪਿੱਛੇ ਚੁੱਪ ਚਾਪ ਰਲੀ ਤੁਰੀ ਜਾਂਦੀ ਸੀ,
ਕਈ ਵੈਣ ਪਾ ਗਲੀ ਕੂਚੇ ਵੀ ਰੁਵਾ ਰਹੇ ਸੀ।

ਪਹੁੰਚ ਸਮਸ਼ਾਨ ਘਾਟ ਸੁੰਨੀ ਜਿਹੀ ਜਗ੍ਹਾ,
ਚਿਖਾ ਕੁਝ ਵੀਰ ਸਸਕਾਰ ਲਈ ਸਜਾ ਰਹੇ ਸੀ,
ਜੋ ਦੁੱਧ ਮੱਖਣਾਂ ਨਾਲ ਪਾਲਿਆ ਸੀ ਕਦੇ ਖੁਦ,
ਅੱਜ ਓਹਨੂੰ ਹੱਥਾਂ ਨਾਲ ਸਾੜਨ ਜਾ ਰਹੇ ਸੀ।

ਜੋ ਸਸਕਾਰ ਲਈ ਗਏ ਸਨ ਸਮਸ਼ਾਨ ਘਾਟ,
ਵਾਪਸੀ ਤੇ ਕੁਝ ਥੋੜ੍ਹਾ ਮੁਸਕਰਾ ਰਹੇ ਸੀ,
ਸ਼ਾਮ ਨੂੰ ਹੈ ਲੋਹੜੀ ਵਾਲੀ ਜੋ ਪਾਰਟੀ,
ਉਸ ਵਿੱਚ ਜਾਣ ਦੀ ਸਕੀਮ ਬਣਾ ਰਹੇ ਸੀ।

ਜਿਹੜੇ ਸਵੇਰੇ ਚਿੱਟੇ ਕੱਪੜਿਆਂ 'ਚ ਆਏ ਸਨ,

ਹੁਣ ਪ੍ਰੈੱਸ ਗੂਹੜੇ ਕੱਪੜੇ ਕਰਾ ਰਹੇ ਸੀ,
ਵੈਣਾਂ ਨਾਲ ਜਿਨ੍ਹਾਂ ਦੇ ਸੀ ਗਲੇ ਬੈਠ ਗਏ,
ਬੱਕਰੇ ਬੁਲਾਉਣ ਲਈ ਸਾਫ ਕਰਵਾ ਰਹੇ ਸੀ।

ਜਿਹੜੀ ਗਲੀ ਵਿੱਚ ਸਵੇਰੇ ਰੋਣਾ ਅਤੇ ਸੋਗ ਸੀ,
ਡੀਜੇ ਹੁਣ ਲੱਗਾ ਲੋਕ ਸ਼ਗਨ ਮਨਾ ਰਹੇ ਸੀ,
ਦੌਰ ਦਾਰੂ ਅਤੇ ਕਬਾਬ ਵਾਲੇ ਪੂਰੇ ਜ਼ੋਰ ਉੱਤੇ ਸੀ,
ਸਵੇਰੇ ਰੋਣ ਵਾਲੇ ਹੁਣ ਨੱਚ ਗਾ ਰਹੇ ਸੀ।

ਸਵੇਰੇ ਜਿੰਨਾ ਚਿਖਾ ਸੀ ਸਜਾਈ ਸਸਕਾਰ ਲਈ,
ਰਾਤੀ ਉਹੀ ਲੋਹੜੀ ਬਾਲ ਨੱਚ ਗਾ ਰਹੇ ਸੀ,
'ਸੁਖਵਿੰਦਰ' ਜਿਹਦਾ ਮਰੇ ਉਹੀ ਜਾਣੇ ਦੁੱਖ ਨੂੰ,
ਤੇਰੇ ਜਿਹੇ ਦੋਨਾਂ ਮੌਕੇ ਕਰ ਫਰਜ਼ ਅਦਾ ਰਹੇ ਸੀ।

ਇੰਸਪੈਕਟਰ ਸੀ.ਬੀ.ਆਈ.
ਮੋਬਾਇਲ ਨੰ : 99063-81482

* * * * *

ਕਵਿਤਾ / ਜ਼ਿੰਦਗੀ ਕਦੇ ਇਕਸਾਰ ਨੀ ਰਹਿੰਦੀ

ਕਦੀ ਦੁੱਖ ਆਵੇ ਕਦੇ ਦੁੱਖ ਜਾਵੇ,
ਜੀਵਨ ਇਕੋ ਜੇਹਾ ਤਾਂ ਰਹਿੰਦਾ ਨੀ।
ਤੂੰ ਫਿਰ ਕਿਉਂ ਘਬਰਾਉਂਦਾ ਐ,
ਤੇ ਉਦਾਸ ਕਿਉਂ ਹੋ ਜਾਂਦਾ ਐ।
ਇਹ ਤਾਂ ਹੈ ਕੁਦਰਤ ਦਾ ਖੇਲ ਨਿਆਰਾ,
ਇਹ ਇਕੋ ਜੇਹਾ ਤਾਂ ਰਹਿੰਦਾ ਨੀ।
ਤੂੰ ਇਹਨਾਂ ਦਾ ਅਸਰ ਨਾ ਕਰ ਕੇ,
ਆਪਣੇ ਰਾਹ ਤੇ ਤੁਰਿਆ ਜਾ।
ਭਾਵੇਂ ਦੁੱਖ ਆਵੇ ਜਾਂ ਸੁੱਖ ਆਵੇ,
ਇਸ ਨੂੰ ਤੂੰ ਚੰਗਾ ਹੀ ਸਮਝ ਕੇ,
ਆਪਣੇ ਰਾਹਾਂ ਤੇ ਤੂੰ ਤਰਿਆ ਜਾ।
ਇਹਨਾਂ ਰਾਹਾਂ ਤੇ ਤੁਰਦਿਆਂ ਤੂੰ,
ਆਪਣਾ ਆਪ ਸੁਆਰਦਾ ਜਾ?
ਇਹ ਕੁਦਰਤ ਦੀ ਖੇਡ ਨੂੰ ਦੇਖ ਕੇ,
ਤੂੰ ਕਦੇ ਨਾ ਰੁੱਕ ਜਾਵੀਂ।
ਤੁਰਿਆ-ਤੁਰਿਆ ਤੁਰਿਆ ਜਾ ਕੇ
ਆਪਣੇ ਕੰਮਾਂ ਨੂੰ ਤੂੰ ਕਰਦਾ ਜਾ।
ਦੁਖਾਂ ਸੁਖਾਂ ਨੂੰ ਰੱਬ ਦੀ ਰਜਾ 'ਚ ਮੰਨ ਕੇ,
ਮਾੜਾ ਕਿਸੇ ਨੂੰ ਬੋਲੀ ਨਾ।
ਦੁਖਾਂ ਸੁਖਾਂ ਨੂੰ ਇਕੋ ਜਿਹਾ ਮੰਨ ਕੇ,
ਤੂੰ ਆਪਣੇ ਕੰਮਾਂ ਨੂੰ ਕਰਦਾ ਜਾ।
ਕਦੇ ਭੀ ਵਿਹਲਾ ਘਰੇ ਨਾ ਬੈਠੀ,
ਆਪਣਾ ਵਕਤ ਗੁਆਈ ਨਾ।
ਪਲੇ ਤੇਰੇ ਫਿਰ ਕੁਝ ਨੀ ਪੈਣਾ,
ਵਕਤ ਗੁਆ ਕੇ ਬਹਿ ਜਾਏਗਾ।
ਇਸ ਲਈ ਚੰਗੇ ਕੰਮ ਤੋਂ ਕਰਦਾ ਜਾ,
ਲੋੜਵੰਦਾਂ ਦੀ ਮੱਦਦ ਤੂੰ ਕਰਕੇ,
ਰੱਬ ਦਾ ਸ਼ੁੱਕਰ ਮਨਾਈ ਜਾ।
ਸਮੇਂ ਨੂੰ ਤੂੰ ਚੰਗਾ ਸਮਝ ਕੇ,
ਆਪਣੇ ਕੰਮਾਂ ਨੂੰ ਕਰਦਾ ਜਾ।
ਇਹਨਾਂ ਕੰਮਾਂ ਨੂੰ ਕਰਦਾ-ਕਰਦਾ,
ਸਮਾਂ ਆਪਣਾ ਤੂੰ ਬਤਾਈ ਜਾ।

ਮਨਮੋਹਨ ਸਿੰਘ ਮੁਕੇਰੀਆ
ਡਿਪਟੀ ਡਾਇਰੈਕਟਰ (ਰਿਟਾ.)



● ● ●

ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂੰ ਰੁੱਲ ਜਾਵੋਗੇ

● ● ●

ਕੋਸ਼ਿਸ਼ ਆਖਰੀ ਸਾਹਾਂ ਤੱਕ ਕਰਨੀ ਚਾਹੀਦੀ ਹੈ।
ਸਫਲਤਾ ਮਿਲੇ ਜਾਂ ਤਜ਼ਰਬਾ, ਦੋਵੇਂ ਹੀ ਕੀਮਤੀ ਹਨ।



MATRIMONIAL



SEEKING SUITABLE MATCH FOR 03.04.1997 BORN/6'2", PUNJAB, INDIA , EDUCATION- BECHELOR-IN COMPUTER ENGR. FROM UOP 2019 & MASTER OF COMPUTER ENGR. FROM SJSU, OCCUPATION – INFORMATION SYSTEM ANALYST FOR THE COUNTRY OF SAN JOAQUIN [GOVT. JOB] & 2ND JOB OPERATIONAL MANAGER FOR PS BAJWA INC. FATHER & MOTHER RESIDENCE IN MUKERIAN AND ONE SISTER MARRIED (LIVING IN PA) CONTACT – 001 209 9221122 (FATHER) 94174-27193 (WHATSAPP ONLY)

* * * * *

MATCH FOR 02.06.1998 BORN, FAIR COLOUR DOCTOR GIRL/ HEIGHT 5'6", EDUCATION – MD FROM PGI, WORKING AS PGI SR. RESIDENT DOCTOR, FAMILY – FATHER GOVT. JOB CHD. AS SUB INSPECTOR - PUNJAB POLICE, MOTHER – HOUSE WIFE, SIBLING- YOUNGER BROTHER SOFTWARE ENGINEER GURGAON (UNMARRIED), BOY PREFERENCE IN SAME FIELD OF DOCTOR OR ANY HIGHER POST RECOMMENDED & SHOULD BE FROM SIKH FAMILY. CONTACT – 9463515935, 7508911805

* * * * *

LOOKING SUITABLE MATCH FOR BEAUTIFUL GIRL 15.09.1998 BORN, HRIGHT 5', QULAIFICATIONS - BSC NURSING 4 YEARS PGI CHANDIGARH,OCCUPATION – NURSING OFFICER (GRADE 2) AT PGI CHANDIGARH. FAMILY -FATHER INSP. IN PUNJAB POLICE, MOTHER HOUSEWIFE, BROTHER – MARRIED. BOY PREFERENCE – ANY GOVT. JOB, CHANDIGARH MOHALI PANCHKULA & ZIRAKPUR. CONTACT – 6284963582, 9592913064

* * * * *

SEEKING MATCH FOR 34 YRS, HEIGHT 5'8" LUBANA SIKH BOY, EDUCATION – B.TECH, GOLD MEDALIST, AMITY UNIVERSITY, WORKING AS MANAGER IN IT MNC – COGNIZANT, JOB IN GURGAON, PACKAGE 20-25 LPA. FAMILY – FATHER(RETD.) FROM GOVT. JOB, MOTHER HOMEMAKER (GRADUATE), SIBLINGS – ONE SISTER (MARRIED) B.TECH AND WORKING. SEEKING WORKING GIRL IN PRIVATE/ CORPORATE SECTOR. CONTACT – 78915-05401

* * * * *

MATCH FOR GIRL 29 YEARS, 5'8", FAIR COMPLEXION, EDUCATION-MBBS, MD (PERSUING), FAMILY-FATHER & MOTHER, BROTHER DOCTORS, FAMILY IS HIGHER MIDDLE CLASS- HAVING OWN HOSPITAL, OFFICER FAMILY. BOY PREFERENCE DOCTOR OR IAS, PCS, IPS OFFICER. CONTACT - 9872082985

* * * * *

SEEKING MATCH FOR JAN 1998 BORN, 5'10" HEIGHT, LUBANA SIKH BOY, CITY WINNIPEG (MANITOBA) CANADA, QUALIFICATION GRADUATION IN BCA, MOHALI, OTHERS COMPUTER COURSE, ONE YEAR DIPLOMA DISPATCH IN CANADA, FAMILY – MOTHER (HOUSEWIFE RESIDENCE IN MOHALI - PB) SIBLING- SISTER UNMARRIED IN CANADA PR. GIRL PREFERED HEIGHT 5'5" OR ABOVE WELL QUALIFIED FAMILY ORIENTED, PREFERENCE: MOHALI, CHANDIGARH. CONTACT – 9646425322

* * * * *

ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

ਮਾਰਚ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

ਲੜੀ ਨੰ:	ਨਾਮ ਤੇ ਪਤਾ	ਰਸੀਦ ਨੰ.	ਰਾਸ਼ੀ ਰੁਪਏ	ਮਿਤੀ
1.	ਡਾ. ਜਸਵੰਤ ਸਿੰਘ ਪਿੰਡ ਬੈਗੋਵਾਲ, ਕਪੂਰਥਲਾ।	788	5000/-	13.03.2026
2.	ਸ਼੍ਰੀਮਤੀ ਰਵਨੀਤ ਕੌਰ ਮ. ਨੰ: 2092, ਸੈਕਟਰ-45, ਚੰਡੀਗੜ੍ਹ।	789	200/-	14.03.2026
3.	ਸ. ਤਜਿੰਦਰ ਸਿੰਘ ਪਿੰਡ ਠਾਕਰੀ, ਜ਼ਿਲ੍ਹਾ ਹੁਸ਼ਿਆਰਪੁਰ।	790	2100/-	14.03.2026
4.	ਸ੍ਰੀ ਓਮ ਕੁਮਾਰ, ਕੰਟੀਨ ਬ.ਮ.ਸ.ਲ. ਭਵਨ, ਸੈਕਟਰ-30ਏ, ਚੰਡੀਗੜ੍ਹ।	791	500/-	14.03.2026
5.	ਸ. ਐਚ.ਐਸ. ਘੋਤੜਾ ਮ. ਨੰ: 11, ਸੰਗਮ ਐਨਕਲੇਵ, ਸੈ-48ਏ, ਚੰਡੀਗੜ੍ਹ।	792	200/-	14.03.2026
6.	ਸ. ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ ਮ. ਨੰ: 2354, ਫ਼ੇਸ-10, ਮੋਹਾਲੀ।	793	200/-	14.03.2026
7.	ਸ. ਸੁੱਖਵਿੰਦਰ ਸਿੰਘ 55, ਪਿੰਡ ਬਹਿਲਾਨਾ, ਚੰਡੀਗੜ੍ਹ।	794	200/-	14.03.2026
8.	ਸ. ਦਰਸ਼ਨ ਸਿੰਘ ਮ. ਨੰ: 130, ਸੈਕਟਰ-46ਏ, ਚੰਡੀਗੜ੍ਹ।	795	200/-	14.03.2026
9.	ਸੂਬੇਦਾਰ ਮੇਜਰ ਜਸਪਾਲ ਸਿੰਘ ਮੈਂਟੀਨੈਂਸ ਸਕੱਤਰ, ਮ. ਨੰ: 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ।	796	200/-	14.03.2026
10.	ਸ. ਅਮਰਜੀਤ ਸਿੰਘ ਮੁਲਤਾਨੀ ਮ.ਨੰ:42, ਸੈਕਟਰ-16ਏ, ਚੰਡੀਗੜ੍ਹ।	797	500/-	14.03.2026
11.	ਸ. ਭਜਨ ਸਿੰਘ ਮ. ਨੰ: 664, ਐਮ.ਸੀ. ਧਨਾਸ, ਚੰਡੀਗੜ੍ਹ।	798	200/-	14.03.2026
12.	ਸ. ਐਨ.ਪੀ. ਸਿੰਘ ਮ. ਨੰ: 2249, ਸੈਕਟਰ-48ਸੀ, ਚੰਡੀਗੜ੍ਹ।	799	500/-	14.03.2026
13.	ਸ. ਮਨਜੀਤ ਸਿੰਘ ਮ. ਨੰ: 873, ਫ਼ੇਸ-10, ਮੋਹਾਲੀ।	800	200/-	14.03.2026

14.	ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.) ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ.ਨੰ. 3405, ਸੈਕਟਰ-40ਡੀ, ਚੰਡੀਗੜ੍ਹ।	801	5000/-	14.03.2026
15.	ਸ. ਜਗੀਰ ਸਿੰਘ ਮ. ਨੰ: 2258/2, ਸੈਕਟਰ-45ਸੀ, ਚੰਡੀਗੜ੍ਹ।	802	200/-	14.03.2026
16.	ਕਰਨਲ ਜੇ.ਐਸ. ਮੁਲਤਾਨੀ (ਰਿਟਾ.) ਮ. ਨੰ: 114, ਸੈਕਟਰ-33ਏ, ਚੰਡੀਗੜ੍ਹ।	803	200/-	14.03.2026
17.	ਸ. ਕਰਨੈਲ ਸਿੰਘ ਮ. ਨੰ: 1224, ਸੈਕਟਰ-68,ਚੰਡੀਗੜ੍ਹ।	804	200/-	14.03.2026
18.	ਸ. ਹਰਮੀਤ ਸਿੰਘ ਸੈਕਟਰ-23, ਚੰਡੀਗੜ੍ਹ।	805	100/-	14.03.2026
19.	ਸ. ਸੁੱਖਵੰਤ ਸਿੰਘ ਮ. ਨੰ: 296/11, ਜਸਵੰਤ ਨੰਗਰ, ਗੜ੍ਹਾ ਰੋਡ, ਜਲੰਧਰ। (ਆਨਲਾਇਨ ਪ੍ਰਾਪਤ ਕੀਤੇ।)	806	3000/-	14.03.2026
20.	ਸ. ਐਨ.ਪੀ. ਸਿੰਘ ਮ. ਨੰ: 2249, ਸੈਕਟਰ-48ਸੀ, ਚੰਡੀਗੜ੍ਹ। (ਆਨਲਾਇਨ ਪ੍ਰਾਪਤ ਕੀਤੇ।)	807	2100/-	14.03.2026
21.	ਸ. ਸਰਬਜੀਤ ਸਿੰਘ ਪਾਪਲ ਪਿੰਡ ਨੌਰੰਗਪੁਰ, ਬੇਗੋਵਾਲ, ਕਪੂਰਥਲਾ। (ਆਨਲਾਇਨ ਪ੍ਰਾਪਤ ਕੀਤੇ।)	808	5100/-	14.03.2026
22.	ਸ. ਪਲਵਿੰਦਰ ਸਿੰਘ ਮੁਲਤਾਨੀ ਮ. ਨੰ: 280, ਮੌਤਾ ਸਿੰਘ ਨਗਰ, ਜਲੰਧਰ। (ਆਨਲਾਇਨ ਪ੍ਰਾਪਤ ਕੀਤੇ।)	809	5000/-	15.03.2026
23.	ਕਰਨਲ ਜੇ. ਐਸ. ਮੁਲਤਾਨੀ (ਰਿਟਾ.) ਮ. ਨੰ: 114, ਸੈਕਟਰ-33ਏ, ਚੰਡੀਗੜ੍ਹ। (ਚੈਕ ਰਾਹੀ ਪ੍ਰਾਪਤ ਕੀਤੇ।)	810	31000/-	14.03.2026
24.	ਸ. ਦਲਜਿੰਦਰ ਸਿੰਘ ਨਡਾਲਾ, ਕਪੂਰਥਲਾ।	811	5000/-	22.03.2026
25.	ਸ. ਜਗਤਾਰ ਸਿੰਘ ਘੋਤੜਾ ਪਿੰਡ ਸੋਤਲਾਂ, ਹੁਸ਼ਿਆਰਪੁਰ।	812	5000/-	22.03.2026
26.	ਸ. ਮਨਜੀਤ ਸਿੰਘ (ਆਨਲਾਇਨ ਪ੍ਰਾਪਤ ਕੀਤੇ।)	813	1100/-	22.03.2026
27.	ਸ. ਬਲਵਿੰਦਰ ਸਿੰਘ (ਆਨਲਾਇਨ ਪ੍ਰਾਪਤ ਕੀਤੇ।)	814	1100/-	22.03.2026
28.	ਸ. ਚਰਨਜੀਤ ਸਿੰਘ (ਆਨਲਾਇਨ ਪ੍ਰਾਪਤ ਕੀਤੇ।)	815	5000/-	22.03.2026

29.	ਇੰਸਪੈਕਟਰ ਭੁਪਿੰਦਰ ਸਿੰਘ (ਆਨਲਾਇਨ ਪ੍ਰਾਪਤ ਕੀਤੇ।)	816	5000/-	22.03.2026
30.	ਪ੍ਰਿੰਸੀਪਲ ਸ਼ਿਵਦੇਵ ਸਿੰਘ (ਆਨਲਾਇਨ ਪ੍ਰਾਪਤ ਕੀਤੇ।)	817	11000/-	24.03.2026
31.	ਸ. ਸੁਖਦੇਵ ਸਿੰਘ, ਡੀ.ਐਸ.ਪੀ. (ਰਿਟਾ.) ਜਸਵੰਤ ਨਗਰ, ਜਲੰਧਰ। (ਆਨਲਾਇਨ ਪ੍ਰਾਪਤ ਕੀਤੇ।)	818	5000/-	24.03.2026
32.	ਗੁਰੂ ਘਰ ਦੀ ਗੋਲਕ ਬ.ਮ.ਸ.ਲ. ਫ਼ਾਉਂਡੇਸ਼ਨ, ਚੰਡੀਗੜ੍ਹ।	819	9000/-	27.03.2026
33.	ਸ. ਮਲਕੀਤ ਸਿੰਘ (ਆਨਲਾਇਨ ਪ੍ਰਾਪਤ ਕੀਤੇ।)	820	16000/-	22.03.2026

ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।

ਖੁਸ਼ਖ਼ਬਰੀ

ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।

Lobana Bhawan

Baba Makhan Shah Lobana Foundation (Regd.),
Sector 30-A, Chandigarh

Facilities Available for All Types of Functions at reasonable rates

Double Bed A.C Rooms	*Dormitory A.C Rooms Four Single Bed*
Main Hall, A.C Capacity 400 Persons	*Mini Hall, A.C Capacity 150-200 Persons*
Main Auditorium, A.C Capacity 450 Persons	*Mini Auditorium, A.C Capacity 150 Persons*
Basement Hall 350-400 Persons	*Conference Hall, A.C Capacity 25 Persons*

24x7 Catering Service Available

For Booking Contact :-
98768-11137, 73470-65188

ਬਮਸ਼ਲ ਭਵਨ ਦੇ ਗੁਰੂ ਘਰ ਵਿਖੇ ਮਿਤੀ 14.03.2026 ਨੂੰ ਚੇਤਰ ਮਹੀਨੇ ਦੀ ਸੰਗਰਾਂਦ ਬੜੇ ਹੀ ਸ਼ਰਧਾ ਅਤੇ ਪ੍ਰੇਮਭਾਵ ਨਾਲ ਮਨਾਈ ਗਈ।

















ਲੁਬਾਣਾ ਭਵਨ ਵਿਖੇ ਕਰਨਲ ਜਗਤਾਰ ਸਿੰਘ ਮੁਲਤਾਨੀ ਵੱਲੋਂ ਗੁਰੂ ਘਰ ਦੀ ਸੇਵਾ ਲਈ 31000 ਅਤੇ ਨਰਿੰਦਰ ਪਾਲ ਸਿੰਘ ਸਾਬਕਾ ਬੈਂਕ ਮੈਨੇਜਰ ਵੱਲੋਂ 5000 ਰੁਪਏ ਦੀ ਰਾਸ਼ੀ ਦਿੱਤੀ ਗਈ। ਸਮੁੱਚੀ ਮੈਨੇਜਮੈਂਟ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਮਿਤੀ 22 .03 .2026 ਦਿਨ ਐਤਵਾਰ ਨੂੰ ਕਾਰਜਕਾਰਨੀ ਕਮੇਟੀ ਦੀ ਭਰਵੀਂ ਮੀਟਿੰਗ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਕੰਪਲੈਕਸ, 66'' ਫੁੱਟ ਫੋਲੜੀਵਾਲ ਰੋਡ, ਜਲੰਧਰ ਵਿਖੇ ਹੋਈ



















